# ਪੰਜਾਬੀ ਕਹਾਣੀ ਦੀਆਂ ਪ੍ਰਵਿਰਤੀਆਂ

ਸਾਹਿਤ ਹਮੇਸ਼ਾ ਹੀ ਕਿਸੇ ਵਿਚਾਰਧਾਰਾ ਜਾਂ ਪ੍ਰਵਿਰਤੀ (Trend) ਦੇ ਅਧੀਨ ਹੀ ਲਿਖਿਆ ਜਾਂਦਾ ਹੈ। ਜਦ ਨਵਾਂ ਲੇਖਕ ਜਾਂ ਤਾਂ ਪੁਰਾਣੀ ਵਿਚਾਰਧਾਰਾ ਨੂੰ ਪ੍ਰਵਾਨਗੀ ਦੇ ਦਿੰਦਾ ਹੈ ਜਾਂ ਫਿਰ ਉਹ ਕੁਝ ਤਬਦੀਲੀ ਕਰਕੇ ਉਸਨੂੰ ਵੱਖਰੇ ਰੂਪ ਵਿਚ ਪੇਸ਼ ਕਰਦਾ ਹੈ। ਕਈ-ਕਈ ਵੇਰੀ ਪ੍ਰਤਿਭਾਸ਼ੀਲ ਲੇਖਕ ਵੀ ਸਾਹਿਤ ਦੇ ਖੇਤਰ ਵਿਚ ਆ ਜਾਂਦੇ ਹਨ, ਜੋ ਆਪਣੇ ਵਲੋਂ ਨਵੀਂ ਵਿਚਾਰਧਾਰਾ, ਨਵਾਂ ਰੂਪ, ਨਵਾਂ ਪ੍ਰਗਟਾ ਲਭ ਕੇ ਸੱਜਰੀ ਪੈੜ ਪਾਉਂਦਾ ਹੈ ਤਾਂ ਕਿ ਪਿਛੋਂ ਆਉਣ ਵਾਲਿਆਂ ਦੀ ਚੰਗੀ ਤਰ੍ਹਾਂ ਰਾਹਨੁਮਾਈ ਹੋ ਸਕੇ।

'ਡਾ. ਸਿੰਗਲ' ਅਨੁਸਾਰ ਪ੍ਰਵਿਰਤੀ ਦਾ ਅਰਥ ਹੈ- ਵਿਸ਼ੇਸ਼ ਦਿਸ਼ਾ ਵਿਚ ਗਤੀਸ਼ੀਲ ਹੋਣਾ। ਸਾਹਿਤ ਦੇ ਖੇਤਰ ਨੂੰ ਵੇਖਿਆ ਜਾਵੇ ਤਾਂ ਹਰ ਨਵੀਂ ਵਿਚਾਰਧਾਰਾ ਪਹਿਲਾ ਝੁਕਾਅ ਦਾ ਰੂਪ ਧਾਰਨ ਕਰਦੀ ਹੈ।

## ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ,

"When a particular set of thinking is constantly and successfully practised by many for some period, only then there is possibillity of its becoming a trend. A new trend-ency must grow in time and space before getting rooted into the soil of literature."
(Punjabi short story its origin and developement, Page- 265)

ਜਦੋਂ ਕਿਸੇ ਝੁਕਾਅ ਨੂੰ ਲੰਮੇ ਸਮੇਂ ਦੀ ਪਕਿਆਈ, ਬਹੁ-ਰੰਗੀ ਭਾਵਨਾਵਾਂ ਦੀ ਵਿਸ਼ਾਲਤਾ, ਵਿੱਲਖਣ ਪ੍ਰਗਟਾ ਦੀ ਚਮਕ ਅਤੇ ਲੋਕ ਹੁੰਗਾਰੇ ਦੀ ਪ੍ਰਵਾਨਗੀ ਪ੍ਰਾਪਤ ਹੋ ਜਾਏ ਤਾਂ ਜਾ ਕੇ ਉਸਨੂੰ ਪ੍ਰਵਿਰਤੀ ਦਾ ਦਰਜਾ ਨਸੀਬ ਹੁੰਦਾ ਹੈ।

ਪੰਜਾਬੀ ਕਹਾਣੀ ਦੇ ਜੇ ਮੁੱਢ ਵੱਲ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਾਡੀ ਮੁੱਢਲੀ ਪ੍ਰਵਿਰਤੀ '<u>ਆਦਰਸ਼ਵਾਦੀ</u>' ਹੀ ਰਹੀ ਹੈ। ਨਾਇਕ-ਪੂਜਾ ਭਾਵਨਾ ਹੇਠ

ਕਰਕੇ ਭਾਵੇਂ ਅਸੀਂ ਦੇਵੀ ਦੇਵਤਿਆਂ ਬਾਰੇ ਸਿੱਖਿਆ ਬਖ਼ਸ਼ੀਏ ਜਾਂ ਪੌਰਾਣਿਕ ਕਥਾਵਾਂ ਦੇ ਨਾਇਕ-ਨਾਇਕਾਵਾਂ ਨੂੰ ਚਿਤਰੀਏ ਜਾਂ ਗੁਰੂ ਪੀਰਾਂ ਬਾਰੇ ਜਨਮਸਾਖੀਆਂ ਜਾਂ ਗੋਸ਼ਟਾਂ ਲਿਖੀਏ, ਇਹਨਾਂ ਸਭਨਾ ਵਿਚਲੀ ਪ੍ਰਵਿਰਤੀ ਆਦਰਸ਼ਵਾਦ ਹੀ ਰਹੀ ਹੈ! ਇਸ ਵੰਨਗੀ ਦੇ ਕਹਾਣੀਕਾਰ ਮੋਹਨ ਸਿੰਘ ਵੈਦ, ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਡਾ. ਮੋਹਨ ਸਿੰਘ, ਨੌਰੰਗ ਸਿੰਘ, ਹਰੀ ਸਿੰਘ ਦਿਲਬਰ, ਸੋਹਣ ਸਿੰਘ ਸੀਤਲ ਆਦਿ ਹਨ!

## ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ,

> "ਇਹ ਕਹਾਣੀਕਾਰ ਆਪਣੇ ਵਿਸ਼ੇ ਕਰਕੇ ਹੀ ਆਦਰਸ਼ਵਾਦੀ ਨਹੀਂ, ਸਗੋਂ ਰੂਪ ਕਰਕੇ ਵੀ ਆਦਰਸ਼ਵਾਦੀ ਤੇ ਪੁਰਾਤਨ ਤਕਨੀਕ ਦੇ ਧਾਰਨੀ ਹਨ!"
> (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ/661)

⟹ **ਮੋਹਨ ਸਿੰਘ ਵੈਦ:** ਨਿੱਕੀ ਕਹਾਣੀ ਦਾ ਅਸਲ ਮੋਢੀ ਭਾਈ ਮੋਹਨ ਸਿੰਘ ਵੈਦ ਨੂੰ ਮੰਨਿਆ ਜਾਂਦਾ ਹੈ! ਉਸਨੇ ਸਿੱਖਿਆ ਤੇ ਸੁਧਾਰ ਦੇਣ ਦੇ ਦੋਵੇਂ ਢੰਗ ਨਿਭਾਏ ਹਨ, ਪਰ ਉਸ ਦੀਆਂ ਕਹਾਣੀਆਂ ਬਹੁਤੀਆਂ ਮੌਲਿਕ ਨਹੀਂ, ਸਗੋਂ ਅਧਾਰਿਤ ਹਨ! ਉਸਦੇ ਤਿੰਨ ਕਹਾਣੀ ਸੰਗ੍ਰਹਿ 'ਹੀਰੇ ਦੀਆਂ ਕਣੀਆਂ'(1927), ਰੰਗ ਬਰੰਗੇ ਫੁੱਲ (1927) ਅਤੇ ਕਿਸਮਤ ਦਾ ਚੱਕਰ ਪ੍ਰਕਾਸ਼ਿਤ ਹੋਏ ਹਨ! ਪਹਿਲੇ ਦੋਹਾਂ ਸੰਗ੍ਰਹਿਆਂ ਦੀਆਂ ਕਹਾਣੀਆਂ ਦਾ ਆਧਾਰ ਪੱਛਮੀ ਦੇਸ਼ਾਂ ਦੀਆਂ ਕਹਾਣੀਆਂ ਹਨ, ਪਰ ਤੀਜੇ ਸੰਗ੍ਰਹਿ ਵਿਚ ਭਾਰਤੀ ਸੋਮਿਆਂ ਦੀਆਂ ਕਹਾਣੀਆਂ ਹਨ! ਇਹਨਾਂ ਕਹਾਣੀਆਂ ਵਿਚ ਕਿਧਰੇ ਕਿਧਰੇ ਸਮਾਜਿਕ ਕੁਰੀਤੀਆਂ ਨੂੰ ਵੀ ਛੋਹਿਆ ਗਿਆ ਹੈ! ਮੋਹਨ ਸਿੰਘ ਵੈਦ ਦੀਆਂ ਕਹਾਣੀਆਂ ਵਿਚ ਆਦਰਸ਼ਵਾਦ ਦੇ ਨਾਲ-ਨਾਲ ਯਥਾਰਥਵਾਦ ਦਾ ਅੰਸ਼ ਵੀ ਪ੍ਰਵੇਸ਼ ਕਰ ਗਿਆ।

⟹ **ਚਰਨ ਸਿੰਘ ਸ਼ਹੀਦ:** ਪੰਜਾਬੀ ਵਿਚ ਨਿਰੋਲ ਮੌਲਿਕ ਕਹਾਣੀ ਲਿਖਣ ਵਿਚ ਪਹਿਲ ਚਰਨ ਸਿੰਘ ਸ਼ਹੀਦ ਨੇ ਕੀਤੀ! ਉਸ ਦੀਆਂ ਕਹਾਣੀਆਂ ਖੁੱਲ੍ਹੇ-ਡੁੱਲ੍ਹੇ ਹਾਸ-ਰਸ ਤੇ ਵਿਅੰਗ ਨਾਲ ਭਰਪੂਰ ਹਨ! ਹਸਦੇ ਹੰਝੂ, ਰੋਂਦੇ ਹੰਝੂ, ਉਸਦੀਆਂ ਵੰਨ ਸੁਵੰਨੀਆਂ ਕਹਾਣੀਆਂ ਦੇ ਸੰਗ੍ਰਹਿ ਹਨ! ਸ਼ਹੀਦ ਨੇ ਹਾਸ ਰਸ ਨੂੰ ਸਮਾਜ-ਸੁਧਾਰ ਲਈ ਵਰਤਿਆ ਹੈ ਤੇ ਇਸ ਮੰਤਵ ਦੀ ਪ੍ਰਾਪਤੀ ਲਈ ਉਸਨੇ ਸਮਾਜਿਕ ਬੁਰਾਈਆਂ, ਕੁਰੀਤੀਆਂ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ!

⟹ **ਨਾਨਕ ਸਿੰਘ (1897-1971):** ਨਾਨਕ ਸਿੰਘ ਇਸ ਪੜਾਅ ਦਾ ਉੱਘਾ ਕਹਾਣੀਕਾਰ

ਹੈ। ਮੁੱਖ ਰੂਪ ਵਿਚ ਉਹ ਨਾਵਲਕਾਰ ਹੈ, ਪਰੰਤੂ ਆਰੰਭ ਵਿਚ ਉਸਨੇ ਕਹਾਣੀਕਲਾ ਨੂੰ ਵੀ ਹੱਥ ਅਜ਼ਮਾਇਆ ਹੈ! ਉਸਦੀਆਂ ਕਹਾਣੀਆਂ ਵਿਚ ਸੁਧਾਰਵਾਦੀ ਅਤੇ ਆਦਰਸ਼ਕ ਅੰਸ਼ ਪ੍ਰਧਾਨ ਹੁੰਦੇ ਹੈ!

## ਡਾ. ਜੋਗਿੰਦਰ ਸਿੰਘ ਦਾ ਵਿਚਾਰ ਹੈ,

> "ਸਮਾਜਿਕ ਬੁਰਾਈਆਂ, ਭਾਈਚਾਰਕ ਕੁਰੀਤੀਆਂ, ਧਾਰਮਿਕ ਅਡੰਬਰਾਂ, ਸਭਿਆਚਾਰਕ ਉਣਤਾਈਆਂ ਅਤੇ ਰਾਜਨੀਤਿਕ ਮਜਬੂਰੀਆਂ ਆਦਿ ਉਸਦੇ ਵਿਸ਼ੇ ਹਨ।"
>
> (ਗਲਪ ਵਿਸ਼ੇਸ਼ ਅੰਕ : ਖੋਜ ਪਤ੍ਰਿਕਾ, ਪੰਨਾ - 312)

ਨਾਨਕ ਸਿੰਘ ਦੇ ਕਹਾਣੀ ਸੰਗ੍ਰਹਿ ਹੰਝੂਆਂ ਦੇ ਹਾਰ, ਸੱਧਰਾਂ ਦੇ ਹਾਰ, ਮਿੱਧੇ ਹੋਏ ਫੁੱਲ, ਠੰਡੀਆਂ ਛਾਵਾਂ, ਸੁਪਨਿਆਂ ਦੀ ਕਬਰ ਅਤੇ ਤਸਵੀਰ ਦੇ ਦੋ ਪਾਸੇ ਹਨ! ਨਾਨਕ ਸਿੰਘ ਦੀਆਂ ਕਹਾਣੀਆਂ ਵਿਚ ਰੋਚਕਤਾ ਅਤੇ ਉਤਸੁਕਤਾ ਦੀ ਘਾਟ ਨਹੀਂ, ਪਰ ਇਸ ਵਿਚ ਵਰਤਮਾਨ ਕਹਾਣੀ ਦੀ ਰੂਹ ਪੂਰੀ ਤਰ੍ਹਾਂ ਨਹੀਂ ਬੱਝੀ!

⟹ **ਗੁਰਬਖ਼ਸ਼ ਸਿੰਘ (1895-1971):** ਗੁਰਬਖ਼ਸ਼ ਸਿੰਘ ਨੇ ਆਪਣੀ ਕਲਾ ਦੇ ਆਰੰਭ ਵਿਚ ਜਿਥੇ ਨਿਬੰਧ ਨੂੰ ਅਪਣਾਇਆ, ਉਥੇ ਕਹਾਣੀ ਵੀ ਉਸਦਾ ਪਿਆਰਾ ਰੂਪ ਰਹੀ ਹੈ! 1947 ਤੋਂ ਪਹਿਲਾਂ ਉਸਨੇ ਪ੍ਰੀਤ ਕਹਾਣੀਆਂ (1938), ਨਾਗ ਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ ਤੇ ਅਸਮਾਨੀ, ਮਹਾਂਨਦੀ (1946) ਵੀਣਾ ਵਿਨੋਦ (1942), ਪ੍ਰੀਤਾਂ ਦੀ ਪਹਿਰੇਦਾਰ ਤੇ ਭਾਬੀ ਮੈਨਾ (1946) ਆਦਿ ਕਹਾਣੀ ਸੰਗ੍ਰਹਿ ਹਨ! ਗੁਰਬਖ਼ਸ਼ ਸਿੰਘ ਇਕ ਅਜਿਹਾ ਕਹਾਣੀਕਾਰ ਹੈ, ਜਿਸ ਕੋਲ ਆਪਣਾ ਵੱਖਰਾ ਦ੍ਰਿਸ਼ਟੀਕੋਣ, ਭਾਵੁਕ ਸੰਵੇਦਨਾ, ਰਸਕ ਸ਼ੈਲੀ ਤੇ ਪ੍ਰੌੜ੍ਹ ਵਿਅਕਤਿਤਵ ਆਦਿ ਅਜਿਹੇ ਗੁਣ ਮੌਜੂਦ ਹਨ ਕਿ ਸਭੇ ਰੰਗ ਉਸਦੀ ਮਾਨਵਵਾਦੀ, ਉਦਾਰਚਿਤ, ਪ੍ਰਗਤੀਸ਼ੀਲ ਵਿਚਾਰਧਾਰਾ ਵਿਚ ਸਮਾ ਗਏ! ਉਸਨੂੰ 'ਸ਼ਬਦਾਂ ਦਾ ਜਾਦੂਗਰ' ਕਿਹਾ ਜਾਂਦਾ ਹੈ!

ਆਦਰਸ਼ਵਾਦੀ ਢੰਗ ਦਾ ਵਿਸ਼ਾ ਵਸਤੂ ਉਸਨੂੰ ਰੁਮਾਂਸਯੁਕਤ ਸ਼ੈਲੀ ਵਿਚ ਕੁਝ ਮੌਲਿਕ ਤੇ ਉਚੇਰਾ ਲਿਖਣ ਲਈ ਪ੍ਰੇਰਦਾ ਹੈ!

⟹ **ਡਾ. ਮੋਹਨ ਸਿੰਘ (1899-1984):** ਮੋਹਨ ਸਿੰਘ ਪ੍ਰਮੁੱਖ ਬੁਧੀਵੇਤਾ ਅਤੇ ਮੌਲਿਕ ਦਾਰਸ਼ਨਿਕ ਚਿੰਤਕ ਹੈ। ਉਹਨਾਂ ਦੀ ਜੀਵਨ ਦੀ ਡੂੰਘੀ ਨੀਝ ਨਾਲ ਵੇਖਣ ਦੀ ਬਿਰਤੀ ਨੇ ਉਸਨੂੰ ਭਿੰਨ ਭ ਦਸਾਨ ਵਧੀਆ ਕਹਾਣੀਆਂ ਦੇ

ਲੇਖਕ ਦੇ ਰੂਪ ਵਿਚ ਸਾਹਮਣੇ ਲੈ ਆਂਦਾ ਹੈ। ਉਸਦੀਆਂ ਕਹਾਣੀਆਂ ਦਾ ਵਿਸ਼ਾ ਜੀਵਨ ਦੇ ਯਥਾਰਥਵਾਦੀ ਪੱਖਾਂ ਤੋਂ ਲਿਆ ਜਾਂਦਾ ਹੈ ਅਤੇ ਆਸ਼ਾ ਆਦਰਸ਼ਵਾਦੀ ਅਤੇ ਆਧਿਆਤਮਕ ਹੁੰਦਾ ਹੈ। ਧਾਰਮਿਕ ਵਿਸ਼ਾ ਉਸਦੀ ਹਰ ਕਹਾਣੀ ਦਾ ਵਿਸ਼ੇਸ਼ ਗੁਣ ਹੈ! ਦੋਪਹਿੰਦਰ ਬਤੀਸੀ, ਪਰਾਂਦੀ ਤੇ ਰੰਗ ਤਮਾਸ਼ੇ ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ!

⟹ **ਗਿ: ਗੁਰਮੁਖ ਸਿੰਘ ਮੁਸਾਫ਼ਿਰ:** ਦੇਸ਼ ਭਗਤੀ ਤੇ ਰਾਸ਼ਟਰਵਾਦੀ ਭਾਵਾਂ ਨੂੰ ਚਿਤਰਨ ਵਾਲਾ ਆਦਰਸ਼ਵਾਦੀ ਸ਼ੈਲੀ ਦਾ ਕਹਾਣੀਕਾਰ ਹੈ। ਇਸ ਦੀਆਂ ਕਹਾਣੀਆਂ ਦਾ ਰੰਗ ਭਾਵੇਂ ਪੁਰਾਤਨ ਪ੍ਰਕਾਰ ਦਾ ਹੈ- ਪਰ ਇਸ ਵਿਚ ਜੀਵਨ ਦਾ ਸਿੱਧਾ ਯਥਾਰਥ ਓਤਪੋਤ ਹੈ, ਜੋ ਬਹੁਤ ਵਾਰ ਉਸਦੇ ਨਿੱਜੀ ਜੀਵਨ ਨਾਲ ਸੰਬੰਧਿਤ ਹੁੰਦਾ ਹੈ। ਸੁਤੰਤਰਤਾ ਅੰਦੋਲਨਾਂ ਸਮੇਂ ਕਾਫ਼ੀ ਲੰਬੀ ਜੇਲ੍ਹ ਭੁਗਤਣੀ ਪਈ! ਇਸ ਲਈ ਬਹੁਤ ਕਹਾਣੀਆਂ ਜੇਲ੍ਹ ਜੀਵਨ ਨਾਲ ਸੰਬੰਧਿਤ ਹਨ, ਖ਼ਾਸ ਤੌਰ ਤੇ ਉਸਦੇ ਕਹਾਣੀ ਸੰਗ੍ਰਹਿ 'ਸਭ ਅੱਛਾ' ਤੇ 'ਵੱਖਰੀ ਦੁਨੀਆਂ'। ਇਨ੍ਹਾਂ ਕਹਾਣੀਆਂ ਵਿਚੋਂ ਬਹੁਤ ਰਾਜਸੀ ਸੰਗਰਾਮਾਂ ਤੇ ਹਨ, ਜਿਨ੍ਹਾਂ ਵਿਚ ਉਸਦੇ ਪ੍ਰਸਟਾਟੀਆਂ ਦੇ ਕੀਰਤ ਜੀਵਨ ਦੇ ਅਨੁਭਵ ਦੱਸੇ ਗਏ ਹਨ। ਗੁਟਾਰ, ਆਲ੍ਹਣੇ ਦੇ ਬੋਟ, ਅੱਲਾ ਵਾਲੇ ਉਸਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ!

⟹ **ਨੌਰੰਗ ਸਿੰਘ:** ਇਹ ਰੁਮਾਂਟਿਕ ਸ਼ੈਲੀ ਦਾ ਸਫ਼ਲ ਕਹਾਣੀਕਾਰ ਹੈ। ਭੁੱਖੀਆਂ ਰੂਹਾਂ, ਬੋਝਲ ਪੰਡਾਂ, ਸਿਰਜੇ ਦੀ ਸੂਹ ਤੇ ਛੂਹਾ ਖੁੱਲ੍ਹ ਗਿਆ ਕਹਾਣੀ ਸੰਗ੍ਰਹਿ ਉਸਦੇ ਹਨ। ਉੱਤਮ ਭਾਂਤ ਦੇ ਕਹਾਣੀ ਰਸ ਦੇਣ ਦੇ ਨਾਲ ਨਾਲ ਉਹ ਸੁੰਦਰ ਕਲਾਤਮਕ ਵਰਣਨ ਕਰਦਾ ਹੈ ਤੇ ਕਹਾਣੀ ਦੀ ਪਿੱਠ ਭੂਮੀ ਨੂੰ ਮੋਹਣੀ ਤਰ੍ਹਾਂ ਉਸਾਰ ਲੈਂਦਾ ਹੈ ਅਤੇ ਕਲਾਤਮਕ ਪਾਤਰ ਨਿਰਖ ਕਰਕੇ ਸਾਰੀ ਸਮੱਗਰੀ ਨੂੰ ਭਾਵ-ਪੂਰਤ ਕਾਵਿਮਈ ਰੂਪਾਂ ਵਾਲੀ ਕਲਪਨਿਕ ਸ਼ੈਲੀ ਵਿਚ ਸਮੋ ਲੈਂਦਾ ਹੈ।

⟹ **ਹਰੀ ਸਿੰਘ ਦਿਲਬਰ:** 'ਰਸੂਏ', ਸੱਸਿਆਂ ਦੇ ਦੀਵੇ ਤੇ ਰੂਹਾਂ ਦੀ ਡਾਰ ਆਦਿ ਇਸਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ। ਉਹ ਮਾਲਵੇ ਦੇ ਪੇਂਡੂ ਜੀਵਨ ਅਤੇ ਵਿਸ਼ੇਸ਼ ਕਰਕੇ ਕਿਰਸਾਨੀ ਸਮਾਜ ਦੇ ਯਥਾਰਥ ਰੰਗ ਵਿਚ ਰੰਗ ਕੇ ਸੁੰਦਰ ਚਿੱਤਰ ਪੇਸ਼ ਕਰਦਾ ਹੈ। ਉਸਦਾ ਦ੍ਰਿਸ਼ਟੀਕੋਣ ਆਦਰਸ਼ਵਾਦੀ ਤੇ ਭਾਵੁਕ ਹੈ, ਭਾਵੇਂ ਜੀਵਨ ਦਾ ਭਰਪੂਰ ਯਥਾਰਥ ਉਸਦੀਆਂ ਕਹਾਣੀਆਂ ਵਿਚ ਗੁੰਦਿਆ ਹੋਇਆ ਹੁੰਦਾ ਹੈ।

⟹ **ਡਾ. ਗੋਪਾਲ ਸਿੰਘ:** ਉਸਦੀਆਂ 'ਸਾਇਆ ਤੇ ਧਰਮ' ਦੀਆਂ ਕਹਾਣੀਆਂ ਵਿਚ ਵੀ ਆਦਰਸ਼ਵਾਦ ਹੈ ਤੇ ਜੀਵਨ ਯਥਾਰਥ ਦਾ ਸੁੰਦਰ ਸੁਮੇਲ ਹੈ

ਅਤੇ ਉਸਦਾ ਪ੍ਰਬੰਧ ਅਨੁਭਵ ਤੇ ਬੌਧਿਕਤਾ ਦਾ ਮਿਸ਼ਰਤ ਰੰਗ ਕਹਾਣੀਆਂ ਦੀਆਂ ਘਟਨਾਵਾਂ ਤੇ ਪਾਤਰਾਂ ਦੁਆਰਾ ਕਲਾਮਈ ਢੰਗ ਨਾਲ ਚਿਤਰਿਆ ਗਿਆ ਹੈ।

**੨. ਯਥਾਰਥਵਾਦੀ ਪ੍ਰਵਿਰਤੀ:** ਯਥਾਰਥ ਨੂੰ ਰੋਮਾਂਸ ਜਾਂ ਆਦਰਸ਼ ਤੋਂ ਉਲਟਾ ਪ੍ਰਭਾਵ ਪਾਉਣ ਵਾਲੀ ਰੁਚੀ ਸਮਝਿਆ ਜਾਂਦਾ ਹੈ। ਵਿਗਿਆਨਿਕ ਕਾਢਾਂ, ਤਰਕਵਾਦੀ ਚਿੰਤਨ ਅਤੇ ਮਾਰਕਸਵਾਦ ਨੇ ਯਥਾਰਥ ਨੂੰ ੨੦ ਵੀਂ ਸਦੀ ਦੀ ਪ੍ਰਮੁੱਖ ਰੁਚੀ ਪ੍ਰਦਾਨ ਕਰਨ ਵਿਚ ਸਹਾਇਤਾ ਕੀਤੀ ਹੈ। ਮਾਰਕਸਵਾਦ ਨੇ ਜੀਵਨ ਦੀਆਂ ਵਾਸਤਵਿਕ ਸਮੱਸਿਆਵਾਂ ਨਾਲ ਜੂਝਣ ਦੀ ਪ੍ਰੇਰਨਾ ਦਿੱਤੀ। ਸੰਤ ਸਿੰਘ ਸੇਖੋਂ ਅਨੁਸਾਰ ਯਥਾਰਥਵਾਦ ਨੂੰ ਤਿੰਨ ਮੁੱਖ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ - ਪ੍ਰਕਿਰਤੀਵਾਦੀ ਯਥਾਰਥਵਾਦ, ਸਮਾਜਵਾਦੀ ਯਥਾਰਥਵਾਦ (ਪ੍ਰਗਤੀਵਾਦੀ ਯਥਾਰਥਵਾਦ) ਅਤੇ ਗਾਂਧੀਵਾਦੀ ਯਥਾਰਥਵਾਦ!

ਪ੍ਰਕਿਰਤੀ ਵਿਚ ਰੋਗ, ਗੰਦ, ਨੰਗੇਜ਼, ਕਾਮ ਵਾਸ਼ਨਾ ਆਦਿ ਵਿਕਾਰ ਪਾਏ ਜਾਂਦੇ ਹਨ। ਜੇ ਕੋਈ ਲੇਖਕ ਰੋਗ ਵਿਚ ਸੁਹਜ ਲਭ ਦਿਖਾਂਦਾ ਹੈ ਤਾਂ ਇਹ ਉਸਾਰੂ ਗੱਲ ਮੰਨੀ ਜਾਏਗੀ, ਪਰ ਜੇਕਰ ਉਹ ਰੋਗ ਨੂੰ ਰੋਗ ਲਈ ਪੇਸ਼ ਕਰਦਾ ਹੈ ਤਾਂ ਮਾੜੀ ਤੇ ਢਾਹੂ ਭਾਵਨਾ ਹੈ। ਇਸ ਰੁਚੀ ਅਧੀਨ ਰਚਨਾ ਕਰਤਾਰ ਸਿੰਘ ਦੁੱਗਲ ਤੇ ਡਾ. ਗੁਰਚਰਨ ਸਿੰਘ ਕਰਦੇ ਹਨ। ਯਥਾਰਥਵਾਦੀ ਪੀੜ੍ਹੀ ਦੇ ਕਹਾਣੀਕਾਰ ਇਸ ਪ੍ਰਕਾਰ ਹਨ:-

⟹ **ਪ੍ਰੋ. ਸੰਤ ਸਿੰਘ ਸੇਖੋਂ:** ਸਮਾਚਾਰ, ਕਾਮੇ ਤੇ ਯੋਧੇ, ਤੀਜਾ ਪਹਿਰ, ਅੱਧ-ਵਾਟੇ, ਸਾਰ-ਸਿਆਣਪਾਂ ਆਦਿ ਕਹਾਣੀ ਸੰਗ੍ਰਹਿ ਉਸਦੇ ਪ੍ਰਸਿੱਧ ਸੰਗ੍ਰਹਿ ਹਨ। ਉਸਦੀ ਸ਼ੈਲੀ ਆਧੁਨਿਕ, ਵਿਚਾਰ ਯਥਾਰਥਵਾਦੀ, ਰੰਗ ਬੌਧਿਕ ਅਤੇ ਆਸ਼ਾ ਪ੍ਰਗਤੀਵਾਦੀ ਰੁਚੀ ਹੈ। ਉਸਦਾ ਵਿਅੰਗ ਤੇ ਕਟਾਖ ਡੂੰਘਾ ਪ੍ਰਭਾਵ ਪਾਉਣ ਵਾਲਾ ਹੈ, ਪਰ ਕਈ ਥਾਵਾਂ ਤੇ ਸੇਖੋਂ ਜਿੰਸੀ ਕਾਮਨਾਵਾਂ ਦੇ ਵਰਣਨ ਵਿਚ ਵੀ ਖੁੱਲ੍ਹ ਲੈ ਲੈਂਦਾ ਹੈ। ਸਥਾਨਕ ਮਲਵਈ ਉਪ-ਭਾਸ਼ਾ ਦੀ ਵਰਤੋਂ ਉਸ ਵਿਚ ਬੜਾ ਸੋਹਣਾ ਰੰਗ ਭਰਦੀ ਹੈ। ਉਸ ਦੀਆਂ ਕਹਾਣੀਆਂ ਦੇ ਯਥਾਰਥਵਾਦੀ ਰੰਗ ਨੂੰ ਹੋਰ ਗੂੜ੍ਹਾ ਕਰਨ ਵਿਚ ਕਾਫ਼ੀ ਸਫ਼ਲ ਹੈ। ਬਹੁਤੀਆਂ ਕਹਾਣੀਆਂ ਵਿਚ ਆਰਥਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਸਮਾਧਾਨ ਪੇਸ਼ ਕੀਤਾ ਗਿਆ ਹੈ।

ਸੰਤ ਸਿੰਘ ਸੇਖੋਂ ਦੀਆਂ ਕਈ ਕਹਾਣੀਆਂ 'ਪੇਮੀ ਦੇ ਨਿਆਣੇ', ਅਧਰੰਗ, ਹਲਵਾਨ ਤੇ ਭੂਤਾਂ ਦੀ ਖੇਡ ਆਦਿ ਪੰਜਾਬੀ ਕਹਾਣੀ ਵਿਚ ਅਦੁੱਤੀ ਅਤੇ ਅਭੁੱਲ ਸਥਾਨ ਰੱਖਦੀਆਂ ਹਨ। ਸੰਤ ਸਿੰਘ ਸੇਖੋਂ ਦੇ ਸਮਾਚਾਰ ਸੰਗ੍ਰਹਿ ਵਿਚ 1940 ਦੇ ਨੇੜੇ ਤੇੜੇ ਲਿਖੀ ਗਈ ਕਹਾਣੀ 'ਅਧਰੰਗ' ਦਾ ਵਿਸ਼ਾ ਵਸਤੂ ਅੱਜ ਸੱਠ ਸਾਲ ਬੀਤਣ ਤੇ ਵੀ ਉਸੇ ਤਰ੍ਹਾਂ ਸਾਰਥਕ ਹੈ !

⟹ **ਸੁਜਾਨ ਸਿੰਘ (1909-1995):** ਸੁਜਾਨ ਸਿੰਘ ਨੇ 1947 ਤੋਂ ਮਗਰੋਂ ਦੂਜੇ ਯੁੱਧ ਤੋਂ ਪਿਛੋਂ, ਮਨੁੱਖ ਤੇ ਪਸ਼ੂ, ਨਰਕਾਂ ਦੇ ਦੇਵਤੇ, ਨਵਾਂ ਰੰਗ, ਸਵਾਲ ਜਵਾਬ, ਸੱਤ ਸੁਰਾਂ ਕਹਾਣੀ ਸੰਗ੍ਰਹਿ ਰਚੇ ਹਨ। ਆਰੰਭ ਵਿਚ ਉਸਦਾ ਲਹਜ਼ ਕਲਾਵਾਦੀ ਤੇ ਰੁਮਾਂਟਿਕ ਢੰਗ ਦਾ ਆਦਰਸ਼ਵਾਦੀ ਸੀ! 1947 ਤੋਂ ਪਿਛੋਂ ਉਹ ਇਸੇ ਪੱਖ ਤੋਂ ਸਮਾਜਵਾਦੀ ਤੇ ਪ੍ਰਗਤੀਵਾਦੀ ਬਣ ਗਿਆ। ਅਸਲ ਤਕਨੀਕ ਦੀ ਕਲਾਕਾਰੀ ਪੱਖ ਕੁਝ ਢਿੱਲੀ ਹਾਂ ਕੇ ਜਨ-ਸਧਾਰਨ ਦੇ ਹਿੱਤ ਪਾਲਣ ਤਕ ਉਨਾਂ ਤੋਂ ਵਧੇਰੇ ਵਿਆਖਿਆ-ਮਈ ਹੋ ਨਿਬੜੀ ਹੈ! ਮਨੁੱਖ ਤੇ ਪਸ਼ੂ ਦੀਆਂ ਕਹਾਣੀਆਂ ਵਿਚ 'ਦੇਸ਼ ਵੰਡ' ਨਾਲ ਸੰਬੰਧਿਤ ਘਟਨਾਵਾਂ ਦਾ ਬਿਆਨ ਬੜੇ ਤਿੱਖੇ ਕਰੁਣਾਮਈ ਤੇ ਮਾਨਵਵਾਦੀ ਢੰਗ ਨਾਲ ਕੀਤਾ ਗਿਆ ਹੈ।

ਸੁਜਾਨ ਸਿੰਘ ਨੂੰ ਸਿੱਕੇਬੰਧ ਸਾਜ਼ ਦੇ ਉਤਪਾਦਨ ਵਿਚ ਵਧੇਰੇ ਸੰਤੁਸ਼ਟਤਾ ਮਿਲਦੀ ਹੈ! ਇਸ ਲਈ ਉਹ ਆਪਣੀ ਚੇਤਨਤਾ ਦਾ ਆਸ਼ਕ ਜਾਪਦਾ ਹੈ, ਜਿਹੜਾ ਪਾਠਕ ਦੀਆਂ ਕਲਾਤਮਕ ਸੰਗਾਂ ਨੂੰ ਵਧੇਰੇ ਮੁੱਲ ਵਾਲੀਆਂ ਨਹੀਂ ਸਮਝਦਾ। ਇਹ ਸ਼ਾਇਦ ਉਸਦੀ ਹੱਠ-ਧਰਮੀ ਹੈ ਜਾਂ ਉਸ ਵਿਚਲੀ ਪਕੇਰੀ ਕਲਾ ਦੀ ਸੁਚੇਤ ਪ੍ਰਵਿਰਤੀ, ਕੁਝ ਕਿਹਾ ਨਹੀਂ ਜਾ ਸਕਦਾ।

⟹ **ਕਰਤਾਰ ਸਿੰਘ ਦੁੱਗਲ:** ਦੁੱਗਲ ਕਹਾਣੀ ਦਾ ਸਰਵੋਤਮ ਕਹਾਣੀਕਾਰ ਹੈ! ਜੋ ਆਕਾਰ, ਪ੍ਰਕਾਰ ਤੇ ਮਿਆਰ ਦੀ ਦ੍ਰਿਸ਼ਟੀ ਤੋਂ ਸਾਡਾ ਸਭ ਤੋਂ ਵੱਧ ਧਿਆਨ ਖਿੱਚਦਾ ਹੈ! ਜਥਾਰਥਵਾਦੀ ਵਾਤਾਵਰਨ, ਵਿਅਕਤੀਵਾਦੀ ਤੱਕਣੀ, ਵਿਸ਼ੇ ਤੇ ਰੂਪ ਦਾ ਸੁਮੇਲ ਤੇ ਮਨੋਵਿਗਿਆਨਿਕ ਵਿਸ਼ਲੇਸ਼ਣਕਾਰੀ, ਅੰਤਰ ਦ੍ਰਿਸ਼ਟੀ ਉਤੇ ਆਧਾਰਿਤ ਪਾਤਰ ਚਿਤਰਨ ਤੇ ਸਾਮਿਅਕ ਚੇਤੰਨਤਾ ਨਾਲ ਸੁਮੇਲ ਹੋਏ ਵਿਕਾਸਾਤਮਕ ਤੇ ਕਲਾਤਮਕ, ਲਹਜ਼! ਇਹ ਸੰਖੇਪ, ਵਿਚ ਦੁੱਗਲ ਦੀ ਕਹਾਣੀ ਕਲਾ ਦੀਆਂ ਗੁਣਾਵਕ ਵਿਸ਼ੇਸ਼ਤਾਵਾਂ ਹਨ, ਜਿਨਾਂ ਉਤੇ ਉਸਦੀ ਨਿਆਰਤ ਭਰੀ ਸੁਘੜ ਸੁੰਦਰ ਸ਼ੈਲੀ ਦੀ ਪਾਹ ਚੜ੍ਹੀ ਹੋਈ ਹੈ। ਸੰਧ ਕਾਲਿਕ ਚਿੰਤਨ ਤੇ ਚੇਤੰਨਤਾ ਦੀ ਚਮਕਦੀ ਝਲਕ ਦੁਆਰਾ ਉਸਦੀ ਰਚਨਾ ਇਕ ਵੱਖ ਪਛਾਣੀ ਜਾਂਦੀ ਹੈ, ਜਿਸਦੇ ਦੋ ਰੰਗ ਵਿਅਕਤੀਵਾਦੀ ਅਤੇ ਆਦਰਸ਼ਵਾਦ ਹਨ!

**ਡਾ. ਗੁਰਬਖ਼ਸ਼ ਸਿੰਘ ਅਨੁਸਾਰ,**

> "ਦੁੱਗਲ ਸਮਾਜਿਕ ਜਥਾਰਥ ਨੂੰ ਚਿਤਰਦਾ ਹੈ, ਜਿਸਦਾ ਅਸੰਗਤ ਵੀ ਉਨਾਂ ਹੀ ਅਹਿਮ ਹੈ ਜਿਨਾਂ ਆਦਰਸ਼। ਭਾਵੇਂ ਸਮਾਜ ਸਰਵ ਪ੍ਰਵਾਨ ਹੀ ਕਿਉਂ ਨਾ ਹੋਵੇ!
>
> (ਗਲਪ ਵਿਸ਼ੇਸ਼ ਅੰਕ, ਖੋਜ ਪਤ੍ਰਿਕਾ / 407)

ਅੱਗ ਖਾਣ ਵਾਲੇ, ਡੰਗਰ, ਨਵਾਂ ਘਰ, ਕਰਾਮਾਤ, ਗੌਰਾਂ, ਫੁੱਲ ਤੋੜਨਾ ਮਨ੍ਹਾ ਹੈ, ਪਾਰੇ ਮੇਰੇ, ਇਕ ਛਿੱਟ ਚਾਨਣ ਦੀ, ਮਾਲਾ ਨਗੀਂ ਮੋਤੀਆਂ, ਤਰਕਾਲਾਂ ਵੇਲੇ, ਪੈਸਾ ਆਦਮੀ ਆਦਿ ਪ੍ਰਕਾਸ਼ਿਤ ਹੋਏ ਹਨ। ਉਸਨੇ ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਦੀ ਰਚਨਾ ਕੀਤੀ ਹੈ। ਜਿਸ ਵਿਚ ਵਿਸ਼ੇ ਵੰਨਗੀ ਤੇ ਰੂਪ ਦੀ ਵਿਵਿਧਤਾ ਦੇ ਪੱਖ ਤੋਂ ਵਿਸ਼ਾਲ ਭੰਡਾਰ ਹੈ। ਉਸਦੀਆਂ ਕਹਾਣੀਆਂ ਵਿਚਲੀ ਨਾਟਕੀਅਤਾ, ਕਾਵਿਮਈ ਅੰਸ਼ ਉਸ ਦੀ ਰਚਨਾ ਨੂੰ ਇਕ ਨਵਾਂ ਮੋੜ ਬਖਸ਼ਦੇ ਹਨ। ਦੁੱਗਲ ਦੀ ਦੇਣ ਉਸਨੂੰ ਸ਼੍ਰੋਮਣੀ ਪੰਜਾਬੀ ਕਹਾਣੀਕਾਰ ਦੇ ਤੌਰ ਤੇ ਉਜਾਗਰ ਹੀ ਨਹੀਂ ਕਰਦੀ, ਸਗੋਂ ਸੱਚ ਤਾਂ ਇਹ ਹੈ ਕਿ ਉਸ ਦੀਆਂ ਕਈ ਕਹਾਣੀਆਂ ਜਗਤ ਪ੍ਰਸਿੱਧ ਕਹਾਣੀਕਾਰਾਂ ਦੀਆਂ ਕਹਾਣੀਆਂ ਨਾਲ ਤੁਲਨਾ ਖਾਂਦੀਆਂ ਹਨ।

⟹ **ਦਵਿੰਦਰ ਸਤਿਆਰਥੀ (1908):** ਦਵਿੰਦਰ ਸਤਿਆਰਥੀ ਦੀ ਕਥਾ ਯਥਾਰਥਵਾਦੀ ਹੋਣ ਦੀ ਥਾਂ ਵਿਅਕਤੀਵਾਦੀ ਹੈ। ਵਿਸ਼ੇ ਵਸਤੂ ਦਾ ਤੰਤਮਈ ਸਰੂਪ, ਅਖਿਲ ਭਾਰਤੀ ਰਾਸ਼ਟਰਵਾਦੀ ਚੇਤੰਨਤਾ, ਅੰਤਰ ਪ੍ਰਦੇਸ਼ਕ ਸਾਂਝ, ਅੰਤਰ ਰਾਸ਼ਟਰੀ ਮਾਨਵਵਾਦ ਦੇ ਲੋਕ ਗੀਤਾਂ ਦੀ ਸਰਲ ਤੇ ਸਮੂਹਕ ਆਤਮਾ ਵਿਚ ਲਪੇਟਿਆ ਇਹ ਸਭ ਕੁਝ ਨਵੀਂ ਫੁੱਟੀ ਕੌਂਪਲ ਵਾਂਗ ਆਪਣੀ ਮਾਸੂਮੀਅਤ ਅਤੇ ਯਥਾਰਥ ਨੂੰ ਆਦਰਸ਼ ਦੀ ਸੁੱਚੀ ਪੋਟਲੀ ਵਿਚ ਸੰਭਾਲੀ ਬੈਠਾ ਹੁੰਦਾ ਹੈ। ਉਸਦੀਆਂ ਕਹਾਣੀਆਂ ਵਿਚ ਲੋਕ-ਕਥਾਵਾਂ, ਪ੍ਰਚਲਿਤ ਗੀਤੀਆਂ ਆਦਿ ਤੱਤ ਪ੍ਰਮੁੱਖ ਮਿਲਦੇ ਹੁੰਦੇ ਹਨ। 'ਦੇਵਤਾ ਡਿੱਗ ਪਿਆ', ਤਿੰਨ ਬੂਹਿਆਂ ਵਾਲਾ ਘਰ, ਆਦਿ ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਉਸਦੀਆਂ ਨਵੀਨ ਕਹਾਣੀਆਂ ਵਿਚ ਆਧੁਨਿਕਤਾਵਾਦੀ ਪ੍ਰਵਿਰਤੀ ਦੀ ਝਲਕ ਤੇ ਤਕਨੀਕੀ ਪੱਖ ਤੋਂ ਕਹਾਣੀ ਦਾ ਆਧੁਨਿਕਤਮ ਰੰਗ ਵੀ ਵੇਖਿਆ ਜਾ ਸਕਦਾ ਹੈ।

⟹ **ਡਾ. ਸੁਰਿੰਦਰ ਸਿੰਘ ਨਰੂਲਾ:** ਪੰਜਾਬ, ਲੋਕ ਪਰਲੋਕ ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਜਿਨ੍ਹਾਂ ਵਿਚ ਵਿਸ਼ੇ ਦੀ ਸਾਰਥਕਤਾ, ਯਥਾਰਥਵਾਦੀ ਤਕਨੀਕ ਤੇ ਸੁੰਦਰ ਪਾਤਰ ਚਿਤਰਣ ਬੜੇ ਵਿਆਪਕ ਤੇ ਉਘੜਵੇਂ ਗੁਣ ਹਨ।

⟹ **ਜਸਵੰਤ ਸਿੰਘ ਕੰਵਲ:** ਕੰਵਲ ਦੇ ਕਹਾਣੀ ਸੰਗ੍ਰਹਿ 'ਧਰਤੀ ਦੇ ਲਾਲ' ਦੀਆਂ ਕਹਾਣੀਆਂ ਨਕਸਲਵਾਦੀ ਪ੍ਰਭਾਵ ਥੱਲੇ ਰਚੀਆਂ ਗਈਆਂ ਹਨ ਅਤੇ ਉਸਦੇ ਨਾਵਲ 'ਲਹੂ ਦੀ ਲੋਅ' ਸਮਾਨ ਪ੍ਰਕਾਰ ਦੀ ਹਨ ਅਤੇ ਕਰੁਣਾਮਈ ਵੀ। ਇਨ੍ਹਾਂ ਕਹਾਣੀਆਂ ਵਿਚ ਸਰਕਾਰੀ ਜਬਰ ਦੀ ਨੰਗੀ ਤਸਵੀਰ ਪੇਸ਼ ਕੀਤੀ ਗਈ ਹੈ।

⟹ **ਗੁਰਬਚਨ ਸਿੰਘ:** ਕਰਤਾ 'ਵਣ ਤੇ ਕਰੀਰ', ਕੌੜੀਆਂ ਅੱਖੀਆਂ ਯਥਾਰਥਵਾਦੀ ਅਤੇ ਫਰਾਇਡਵਾਦੀ ਰੁਚੀਆਂ ਰੱਖਣ ਵਾਲਾ ਕਹਾਣੀਕਾਰ ਹੈ। ਉਸਦੀ ਕਹਾਣੀ

ਆਪਣੀ ਇਨ-ਬਿਨਤਾ ਤੇ ਪਾਤਰਾਂ ਅੰਦਰਲੇ ਮਾਨਸਿਕ ਪ੍ਰਤਿਕਰਮਾਂ ਦੇ ਉਘਾੜ ਵਿਚ ਬੜੀ ਸਫ਼ਲ ਹੈ। ਇਹ ਸਮੇਂ ਦੀ ਪ੍ਰਵਿਰਤੀ ਹੀ ਸੀ ਕਿ ਨਾਮਧਰੀਕ ਪ੍ਰਗਤੀਵਾਦੀ ਲੇਖਕ ਲਿੰਗ ਕਾਮਨਾਵਾਂ ਸੰਬੰਧੀ ਨਿਰਸੰਕੋਚ ਬਿਆਨ ਨੂੰ ਆਪਣੇ ਆਦਰਸ਼ਾਂ ਦੀ ਪੂਰਤੀ ਵਿਚ ਨਿਰੰਕੁਸ਼ ਸਥਾਨ ਦਿੰਦੇ ਰਹੇ। ਭਾਵੇਂ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਸ ਵਿਚਲੀ ਯਥਾਰਥਕਤਾ ਨਿੱਗਰ ਤੇ ਅਰਥ-ਭਰਪੂਰ ਹੈ ਤੇ ਉਸਦੀ ਭਾਵੁਕ ਸਿਧਾਂਤਕ ਵਿਓਂਤਬੰਦੀ ਉਹੀ ਲੋੜ ਪੂਰਾ ਕਰ ਜਾਂਦੀ ਹੈ ਜਿਸਦੇ ਪ੍ਰਸ਼ਟੀਕਾਰ ਸੁਜਾਨ ਸਿੰਘ ਵਰਗੇ ਸਿਧਾਂਤਕਾਰ ਵੀ ਹਨ। 'ਡੂੰਡੇ' ਵਰਗੀ ਕਹਾਣੀ ਦੀ ਰਚਨਾ ਕਰਕੇ ਉਸਨੇ ਕਹਾਣੀ ਖੇਤਰ ਵਿਚ ਅਮਰ ਕੀਰਤੀ ਨੂੰ ਪ੍ਰਾਪਤ ਕੀਤਾ ਹੈ।

⟹ **ਗੁਰਚਰਨ ਸਿੰਘ ਸਹਿਸਰਾ:** ਨੇ ਆਪਣੀ ਉਮਰ ਵਿਚ ਰੂਸ ਦੇ ਸਮਾਜਵਾਦੀ ਰਾਜ ਦੇ ਆਪਣੇ ਤਜਰਬਿਆਂ ਨੂੰ ਇਨਕਲਾਬੀ ਕਿਸਮ ਵਾਲੀਆਂ ਕਹਾਣੀਆਂ ਵਿਚ ਗੁੰਦਿਆ। ਉਹ ਜੋ ਆਪਣੇ ਨਿਰੰਕੁਸ਼ ਸੁਭਾਅ ਕਾਰਨ ਰਾਜਸੀ ਸਰਗਰਮੀਆਂ ਤੇ ਸੰਘਰਸ਼ ਇਨਕਲਾਬੀ ਰੂਪ ਨੂੰ ਸੋਹਣੀ ਤਰ੍ਹਾਂ ਚਿਤਰ ਗਈਆਂ ਹਨ।

ਉਪਰੋਕਤ ਕਹਾਣੀਕਾਰਾਂ ਤੋਂ ਇਲਾਵਾ ਕੁਲਵੰਤ ਸਿੰਘ ਵਿਰਕ ਤੇ ਸੰਤੋਖ ਸਿੰਘ ਧੀਰ ਇਸ ਪੀੜ੍ਹੀ ਦੇ ਸਮਕਾਲੀ ਕਹਾਣੀਕਾਰ ਹਨ। ਵਿਰਕ ਨਿਰੋਲ ਕਹਾਣੀਕਾਰ ਹੈ ਅਤੇ ਧੀਰ ਵੀ। ਵਿਰਕ ਦੀ ਬੌਧਿਕ ਪੱਖ ਤਾਰਕਿਕ ਤੇ ਮਨੋਵਿਗਿਆਨਿਕ ਹੈ। ਕੁਲਵੰਤ ਸਿੰਘ ਵਿਰਕ ਨੇ ਛਾਹ ਵੇਲਾ, ਤੂੜੀ ਦੀ ਪੰਡ, ਦੁੱਧ ਦਾ ਛੱਪੜ, ਏਕਸ ਕੇ ਹਮ ਬਾਰਿਕ, ਗੋਲ੍ਹਾਂ, ਨਵੇਂ ਲੋਕ ਆਦਿ ਕਹਾਣੀ ਸੰਗ੍ਰਹਿ ਦਿੱਤੇ ਹਨ।

ਧੀਰ ਪ੍ਰੋਲੇਤਾਰੀ ਚੇਤੰਨਤਾ ਨੂੰ ਚਿਤਰਨ ਸਬੰਧ ਵਿਚ ਸਫ਼ਲ ਹੈ। ਉਸਦਾ ਮਾਲਵੇ ਦੀ ਸਧਾਰਨ ਉਪਭਾਸ਼ਾ ਦਾ ਬੋਧ ਬੜਾ ਭਰਪੂਰ ਹੈ। ਉਸਦੀ ਕਲਾਤਮਕ ਵਰਤੋਂ ਬੜੀ ਖੂਬਸੂਰਤੀ-ਪੂਰਵਕ ਹੈ। ਸਵੇਰ ਹੋਣ ਤੱਕ ਤੇ ਸਾਂਝੀ ਕੰਧ ਉਸਦੇ ਦੋ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ। ਉਸ ਦੇ ਪਾਤਰ ਉਸਾਰੀ ਸੱਜਰਧਾਤ ਵਰਗੀ ਨਿੱਗਰ, ਲਚਕ ਰਹਿਤ, ਲੋਹੇ ਦੀ ਲੱਠ ਵਰਗੀ ਕਰੜੀ, ਪਰ ਸਾਹਸਪੂਰਨ ਹੱਦ ਤਕ ਹੱਡਮਾਸ ਦੇ ਸਾਧਾਰਨ ਮਨੁੱਖੀ ਹਾਵਾਂ ਭਾਵਾਂ ਨੂੰ ਚਿਤਰਨ ਵਾਲੀ ਹੈ।

ਜੋ ਪੰਜਾਬ ਦੇ ਵਰਤਮਾਨ ਸੰਤਾਪ ਦਾ ਬਿਆਨ ਕਰਨ ਸਮੇਂ ਉਸਦਾ ਦ੍ਰਿਸ਼ਟੀਕੋਣ ਨਿਰਪੱਖ ਤੇ ਪਰਪੱਕ ਹੁੰਦਾ ਹੈ। ਉਸਦੀ ਕਵਿਤਾ ਦੇ ਪਾਤਰ ਤੇ ਉਸਦੀਆਂ ਕਹਾਣੀਆਂ ਦਾ ਯਥਾਰਥਵਾਦ ਵਧੇਰੇ ਕਾਇਲ ਕਰਨਯੋਗ ਤੇ ਪ੍ਰਭਾਵਸ਼ਾਲੀ ਹੈ।

3. **ਰਾਸ਼ਟਰਵਾਦੀ ਪ੍ਰਵਿਰਤੀ:** ਰਾਸ਼ਟਰਵਾਦ ਦਾ ਸੰਕਲਪ ਆਧੁਨਿਕ ਯੁੱਗ ਦੀ ਦੇਣ ਹੈ, ਭਾਵੇਂ ਰਾਸ਼ਟਰਵਾਦ ਦੀਆਂ ਕੁਝ ਮੱਧਮ ਵੰਨਗੀਆਂ ਪਹਿਲਾਂ ਦੇ ਸੰਸਾਰ-ਇਤਿਹਾਸ ਵਿਚ ਵੀ ਮਿਲਦੀਆਂ ਹਨ। ਆਧੁਨਿਕ ਯੁੱਗ ਵਿਚ ਰਾਸ਼ਟਰਵਾਦ ਦਾ ਸੰਕਲਪ ਵਿਕਾਸ ਹੋ ਗਿਆ। ਇਹ ਆਧੁਨਿਕ ਸੰਕਲਪ ਇੰਗਲੈਂਡ, ਇਟਲੀ ਜਰਮਨੀ ਤੇ ਫਰਾਂਸ ਵਿਚ ਚਲਦੇ ਰਹੇ। ਰਾਸ਼ਟਰਵਾਦੀ ਸੰਕਲਪ ਦੌਰਾਨ ਨਿਖਾਰ ਵੀ ਆਇਆ। ਆਧੁਨਿਕ ਪੰਜਾਬੀ ਕਹਾਣੀ ਵੀ ਆਪਣੇ ਜਨਮ ਤੋਂ ਹੀ ਸਮਾਜਕ ਫ਼ਰਜ਼ ਨੂੰ ਪੂਰੀ ਵਫ਼ਾਦਾਰੀ ਨਾਲ ਨਿਭਾਉਂਦੀ ਰਹੀ ਹੈ। ਜਿਉਂ-ਜਿਉਂ ਬਾਕੀ ਭਾਰਤ ਵਾਂਗ ਪੰਜਾਬ ਵਿਚ ਨਵੀਂ ਚੇਤਨਾ ਪੈਦਾ ਹੁੰਦੀ ਗਈ ਤਿਉਂ-ਤਿਉਂ ਪੰਜਾਬੀ ਕਹਾਣੀ ਨਵੇਂ-ਨਵੇਂ ਵਸਤੂ ਅਪਣਾਉਂਦੀ ਗਈ।

⟹ **ਚਰਨ ਸਿੰਘ ਸ਼ਹੀਦ:** ਚਰਨ ਸਿੰਘ ਸ਼ਹੀਦ ਨੇ 'ਪਾਰਟੀ' ਕਹਾਣੀ ਲਿਖੀ। ਇਸ ਵਿਚ ਅੰਗਰੇਜ਼ੀ ਸਭਿਅਤਾ ਨੂੰ ਵਿਅੰਗਾਤਮਕ ਅੰਦਾਜ਼ ਵਿਚ ਚਿਤਰਿਆ ਗਿਆ। ਜਿਸ ਵਿਚ ਮਨੁੱਖੀ ਕਦਰਾਂ-ਕੀਮਤਾਂ ਤੇ ਆਪਸੀ ਰਿਸ਼ਤਿਆਂ ਦੀ ਕੋਈ ਕਦਰ ਨਹੀਂ ਰਹੀ। ਕਹਾਣੀ ਵਿਚ ਦਿਖਾਇਆ ਗਿਆ ਹੈ ਕਿ ਅੰਗਰੇਜ਼ ਬਾਪ ਦੇ ਮਰਨ ਤੋਂ ਦੋ ਦਿਨ ਬਾਅਦ ਤੱਕ ਪੁੱਤਰ ਉਸਦੀ ਲਾਸ਼ ਬੱਘੀ ਵਿਚ ਰਖਵਾਈ ਛੱਡਦਾ ਹੈ ਕਿਉਂਕਿ ਉਸਦੀ ਦੋਸਤਾਂ ਨਾਲ ਵਿਸ਼ੇਸ਼ ਪਾਰਟੀ ਚੱਲ ਰਹੀ ਹੈ।

ਰਾਸ਼ਟਰਵਾਦ ਦਾ ਕੋਈ ਵੀ ਇਕ ਰੂਪ ਨਹੀਂ ਹੈ, ਰਾਸ਼ਟਰ ਦੇ ਬਹੁਤ ਸਾਰੇ ਰੂਪ ਹਨ, ਜਿਵੇਂ ਆਪਣੇ ਦੇਸ਼ ਦੇ ਲੋਕਾਂ ਤੇ ਦੇਸ਼ ਨੂੰ ਪਿਆਰ ਕਰਨਾ, ਇਕ ਰਾਸ਼ਟਰ ਦੂਜੇ ਰਾਸ਼ਟਰ ਨੂੰ ਜਿੱਤਣ ਲਈ ਫ਼ਸਾਦ ਦਾ ਰੂਪ ਧਾਰ ਸਕਦਾ ਹੈ। ਰਾਸ਼ਟਰਵਾਦ ਦੀ ਅਮਨਵਾਦੀ ਗਾਥਾਵਾਂ ਅਤੇ ਵਿਚਾਰਾਂ ਦੇ ਵਿਚਕਾਰ ਪੈਦਾ ਹੋਈ ਸੱਚ ਕੋਈ ਕਰਦੀ ਹੈ। ਪੰਜਾਬੀ ਕਹਾਣੀ ਵਿਚ ਵੀ ਰਾਸ਼ਟਰਵਾਦ ਵੱਖ-ਵੱਖ ਪੱਖਾਂ ਤੋਂ ਵੇਖਣ ਨੂੰ ਮਿਲਦਾ ਹੈ।

**ਡਾ. ਹਿਰਦੇਜੀਤ ਸਿੰਘ ਭੋਗਲ ਅਨੁਸਾਰ**

> “ਰਾਸ਼ਟਰਵਾਦ ਪੂੰਜੀਵਾਦੀ ਯੁੱਗ ਦੀ ਉਪਜ ਹੁੰਦਾ ਹੈ। ਪੂੰਜੀਵਾਦੀ ਯੁੱਗ ਵਿਚ ਪਹਿਲਾ ਰਾਜ ਦੀ ਵਾਂਗ-ਡੋਰ ਮੱਧ ਵਰਗ ਦੇ ਹੱਥ ਹੁੰਦੀ ਹੈ। ਇਹ ਰਾਜ-ਵਾਦੀ ਤੇ ਜਾਗੀਰਦਾਰੀ ਸ਼ਕਤੀਆਂ ਨੂੰ ਪਛਾੜ ਕੇ ਅਗਾਂਹ ਵਧੂ ਭੂਮਿਕਾ ਨਿਭਾਉਂਦੀ ਹੈ।”
> (ਪੰਜਾਬੀ ਕਹਾਣੀ ਵਿਚ ਰਾਸ਼ਟਰਵਾਦ/11)

⇒ **ਦਾਰਤ ਸਿੰਘ ਕਮਲਾ ਕਮਲਾਨੀ:** ਕਮਲਾ ਕਮਲਾਨੀ ਦੀ ਰਚਨਾ 'ਲੰਡਨ ਵਿਚ ਦਰਸ਼ਨ' ਦੀ ਅੰਗਰੇਜ਼ੀ ਸਭਿਅਤਾ ਅਪਣਾਈ ਬੈਠੇ ਇਕ ਭਾਰਤੀ ਨੌਜਵਾਨ ਦਰਸ਼ਨ ਨੂੰ ਦੇਸ਼ ਦੀ ਖ਼ਾਤਰ ਆਪਣੇ ਧਰਮ ਅਤੇ ਸਭਿਆਚਾਰ ਦੀਆਂ ਰਵਾਇਤਾਂ ਮੁੜ ਅਪਣਾਉਣ ਲਈ ਤਿਆਰ ਕਰਦੀ ਹੈ!

⇒ 'ਸੰਤ ਸਿੰਘ ਸੇਖੋਂ' ਦੀ ਕਹਾਣੀ 'ਪਾਤਾਲ ਦਾ ਪੰਛੀ' ਵਿਚ ਮਜ਼੍ਹਬ ਨੂੰ ਰਾਸ਼ਟਰੀ ਏਕਤਾ ਦੇ ਰਾਹ ਵਿਚ ਰੁਕਾਵਟ ਦੱਸਦੇ ਹੋਏ ਇਕ ਪਾਤਰ ਕਹਿੰਦਾ ਹੈ:-

"ਸ਼ਾਇਦ ਅਸੀਂ ਹਿੰਦੁਸਤਾਨੀ ਵੀ ਅਜੇ
ਨਿਘਰੇ ਹੋਏ ਹਾਂ ਕਿ ਅਸੀਂ ਕਦੀ ਇਕ
ਸਿਰ ਤੇ ਨਹੀਂ ਸਕਦੇ, ਜਿਤਨਾ ਚਿਰ
ਅਸਾਡੇ ਤਰ੍ਹਾਂ ਤਰ੍ਹਾਂ ਦੇ ਮਜ਼੍ਹਬ ਨਹੀਂ
ਮੁੱਕ ਜਾਂਦੇ।"

⇒ ਭਾਰਤੀ ਨਾਰੀ ਅਸਾਡੇ ਰਾਸ਼ਟਰ ਦਾ ਇਕ ਹੋਰ ਅਜਿਹਾ ਕਮਜ਼ੋਰ ਅੰਗ ਸੀ, ਜਿਸਨੂੰ ਸਮਾਜ-ਸੁਧਾਰਕਾਂ ਨੇ ਵਿਸ਼ੇਸ਼ ਤੌਰ ਤੇ ਗੌਲਿਆ। ਇਹ ਪੱਖ ਵੀ ਪੰਜਾਬੀ ਕਹਾਣੀ ਵਿਚੋਂ ਉਜਾਗਰ ਹੋਇਆ ਹੈ। 'ਗੁਰਬਖ਼ਸ਼ ਸਿੰਘ' ਦੀ ਕਹਾਣੀ 'ਰਾਣੀ ਤੇ ਭਗਵਾਨ ਬੁੱਧ' ਵਿਚ ਇਸਤਰੀ ਤੇ ਪੁਰਸ਼ ਦੀ ਪ੍ਰੀਤ ਨੂੰ ਭਗਵਾਨ ਦੀ ਭਗਤੀ ਨਾਲੋਂ ਉੱਚਾ ਦਰਜਾ ਦਿੱਤਾ ਗਿਆ ਹੈ! ਗੁਰਬਖ਼ਸ਼ ਸਿੰਘ ਦੀ ਹੀ ਕਹਾਣੀ 'ਵੀਣਾ ਵਿਨੋਦ' ਜੋ 1940 ਤੋਂ ਪਹਿਲਾਂ ਲਿਖੀ ਗਈ, ਵਿਧਵਾ ਦੇ ਪੁਨਰ-ਵਿਆਹ ਦਾ ਵਿਚਾਰ ਬੜੇ ਜ਼ੋਰਦਾਰ ਢੰਗ ਨਾਲ ਪੇਸ਼ ਕਰਦੀ ਹੈ।

⇒ ਪੰਜਾਬ ਵਿਚ ਰਾਸ਼ਟਰਵਾਦੀ ਲਹਿਰ ਦੇ ਉਭਾਰ ਦਾ ਮੁੱਢਲਾ ਸਮਾਂ ਇਸ ਸਦੀ ਦਾ ਦੂਸਰਾ ਤੇ ਤੀਸਰਾ ਦਹਾਕਾ ਸੀ। ਇਨ੍ਹਾਂ ਦੋ ਦਹਾਕਿਆਂ ਵਿਚ ਪੰਜਾਬ ਗ਼ਦਰ ਲਹਿਰ ਚੱਲੀ, ਅਕਾਲੀ ਮੋਰਚੇ ਲੱਗੇ, ਬੱਬਰ ਲਹਿਰ ਸਾਹਮਣੇ ਆਈ ਤੇ ਦੇਸ਼-ਵਿਆਪੀ ਕਾਂਗਰਸੀ ਲਹਿਰ ਦਾ ਵੀ ਜ਼ੋਰ ਰਿਹਾ! ਪੰਜਾਬੀ ਕਹਾਣੀ ਵਿਚ ਇਨ੍ਹਾਂ ਲਗਭਗ ਸਾਰੀਆਂ ਲਹਿਰਾਂ ਦਾ ਚਿਤਰਣ ਲੱਭਦਾ ਹੈ! ਗਿ. ਹੀਰਾ ਸਿੰਘ ਦਰਦ ਦੀ ਰਚਨਾ 'ਸ਼ਹੀਦ ਦੀ ਅਮਾਨਤ' ਹੈ, ਜਿਸ ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਤੇ ਪਿਛੋਂ ਜੈਤੋਂ ਦੇ ਮੋਰਚੇ ਸਮੇਂ ਸਿੱਖਾਂ ਵਿਚ ਧਰਮ ਖ਼ਾਤਰ ਜ਼ੁਲਮ ਸਹਿਣ ਤੇ ਕੁਰਬਾਨੀ ਦੇਣ ਦੇ ਜਜ਼ਬੇ ਦਾ ਬਖ਼ੂਬੀ ਵਰਣਨ ਹੈ! ਇਸ ਵਿਚ ਮੁੱਖ ਪਾਤਰ ਜੈਤੋ ਦੇ ਮੋਰਚੇ ਵਿਚ ਜਾਣ ਤੋਂ ਪਹਿਲਾਂ ਇਹ ਅਰਦਾਸ ਕਰਦੇ ਹਨ ਕਿ,

"ਸਾਰੀ ਸਿੱਖ ਜਾਤੀ ਹੰਕਾਰ ਛੱਡ ਕੇ ਭਲਾ ਬਣ ਜਾਏ, ਸਗੋਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦਾ ਝੰਡਾ ਚੰਗਾ ਤੇ ਝੁਲਾਏ।"

⟹ ਧਨੀ ਰਾਮ ਚਾਤ੍ਰਿਕ ਨੇ ਵੀ 'ਦੁੱਖਾਂ ਦੇ ਵਿਹੜੇ' ਲਿਖ ਕੇ ਮਾਂ-ਪੁੱਤਰ ਦੀ ਗੱਲ ਬਾਤ ਰਾਹੀਂ ਗੁਰੂ ਕੇ ਬਾਗ ਵਿਚ ਕੀਤੇ ਗਏ ਜ਼ੁਲਮ ਦਾ ਵਰਣਨ ਕੀਤਾ ਹੈ।

⟹ ਗਿਆਨੀ ਹੀਰਾ ਸਿੰਘ ਦਰਦ ਦੀ ਕਹਾਣੀ 'ਬਦਲੀ ਹੋਈ ਦੁਨੀਆਂ' ਇਕ ਹੋਰ ਰਾਸ਼ਟਰਵਾਦੀ ਭਾਵਨਾ ਵਾਲੀ ਕਹਾਣੀ ਹੈ। ਇਸਦੀ ਹੀ ਰਮਜ਼ੀਆ, ਇਕ ਲੰਬੀ ਕਹਾਣੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਇਨਕਲਾਬੀ ਦੇਸ਼-ਭਗਤਾਂ ਦੇ ਆਦਰਸ਼ਾਂ ਨੂੰ ਭਾਵੁਕ ਅੰਦਾਜ਼ ਵਿਚ ਪੇਸ਼ ਕਰਦੀ ਹੈ।

⟹ ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦੀ ਕਹਾਣੀ 'ਅਜਾਇਬ' ਇਕ ਅਜਿਹੇ ਦੇਸ਼-ਭਗਤ ਦੀ ਜਾਣ ਕਰਾਉਂਦੀ ਹੈ, ਜੋ ਸੁਤੰਤਰਤਾ ਸੰਗਰਾਮ ਦੇ ਦੌਰਾਨ ਕਈ ਵਾਰ ਜੇਲ੍ਹਾਂ ਵਿਚ ਗਿਆ, ਕਿਸਾਨ ਤੇ ਅਕਾਲੀ ਲਹਿਰ ਸਮੇਂ ਵੀ ਮਾਰ ਹੀ ਖਾਂਦਾ ਰਿਹਾ ਸੀ। ਸੁਜਾਨ ਸਿੰਘ ਦੀ ਕਹਾਣੀ 'ਦਿੱਲੀ ਚਲੋ' ਆਜ਼ਾਦ ਹਿੰਦ ਫ਼ੌਜ ਦੀਆਂ ਸਰਗਰਮੀਆਂ ਤੋਂ ਪਾਠਕਾਂ ਨੂੰ ਜਾਣੂ ਕਰਾਉਂਦੀ ਹੈ।

⟹ 'ਜਸਵੰਤ ਸਿੰਘ ਕੰਵਲ' ਦੀ 'ਡਾਕੂ' ਨਾਂ ਦੀ ਕਹਾਣੀ ਵਿਚ ਤੇਜੂ ਜਿਹੇ ਜਗੀਰਦਾਰ ਦੀ ਲੁੱਟ-ਖਸੁੱਟ ਤੋਂ ਪਿੰਡ ਵਾਸੀਆਂ ਨੂੰ ਮੁਕਤ ਕਰਾਉਣ ਲਈ ਉਹ ਜਾਗੀਰਦਾਰ ਨੂੰ ਮਾਰ ਕੇ ਖੁਦ 'ਸ਼ਹੀਦ' ਹੋ ਜਾਂਦਾ ਹੈ।

ਸੋ ਉਪਰੋਕਤ ਵਰਣਿਤ ਕਹਾਣੀਆਂ ਤੋਂ ਇਲਾਵਾ ਵੀ ਬਹੁਤ ਸਾਰੀਆਂ ਕਹਾਣੀਆਂ ਹੋਰ ਲਿਖੀਆਂ ਗਈਆਂ ਜਿਨ੍ਹਾਂ ਵਿਚ ਰਾਸ਼ਟਰਵਾਦੀ ਭਾਵਨਾ ਚਿਤਰੀ ਗਈ ਹੋਵੇ। ਆਜ਼ਾਦੀ ਦੇ ਪਹਿਲਾਂ ਤੇ ਬਾਅਦ ਵਿਚ ਵੀ ਪੰਜਾਬੀ ਕਹਾਣੀ ਦੀ ਪ੍ਰਮੁੱਖ ਪ੍ਰਵਿਰਤੀ ਰਾਸ਼ਟਰ ਅਤੇ ਮਨੁੱਖ ਨਾਲ ਪ੍ਰਤੀਬੱਧਤਾ ਦੀ ਰਹੀ ਹੈ। ਪੰਜਾਬੀ ਕਹਾਣੀਕਾਰ ਰਾਸ਼ਟਰ ਦੇ ਗੌਰਵ ਬਾਰੇ ਚੇਤੰਨ ਸਨ, ਪਰ ਨਾਲ-ਨਾਲ ਰਾਸ਼ਟਰਵਾਦ ਵਿਚ ਮਨੁੱਖ ਮਾਤਰ ਦੀ ਕੀ ਦਸ਼ਾ ਹੈ, ਇਹ ਦਸ਼ਾ ਕਿਵੇਂ ਬਦਲੇ, ਇਸ ਬਾਰੇ ਵਧੇਰੇ ਫਿਕਰਮੰਦ ਰਹੇ ਸਨ।

**4. ਆਂਚਲਿਕ ਪ੍ਰਵਿਰਤੀ:** ਆਂਚਲ ਕੋਈ ਇਕ ਅਜਿਹਾ ਇਲਾਕਾ ਅਖਵਾਂਦਾ ਹੈ, ਜੋ ਕਿਸੇ ਇਕ ਸਭਿਆਚਾਰਕ ਏਕਤਾ ਦੇ ਪੱਧਰ ਵਿਚ ਸਮਾਇਆ ਹੋਵੇ। ਡਾ. ਉੱਪਲ ਦਾ ਮੱਤ ਹੈ,

"ਕਹਾਣੀ ਤਾਂ ਜੀਵਨ ਦੀ ਯਥਾਰਥਤਾ ਪਿੱਛੇ ਲੁਕੀ ਅਸਧਾਰਨਤਾ ਨੂੰ ਪੇਸ਼ ਕਰਨਾ ਆਪਣਾ ਪ੍ਰਥਮ ਉਦੇਸ਼ ਸਮਝਦੀ ਹੈ। ਯਥਾਰਥਤਾ ਦੀ ਇਕ ਵੱਧਦੀ ਰੁਚੀ ਨੇ ਆਂਚਲਿਕ ਸਾਹਿਤ ਨੂੰ ਬਲ ਬਖਸ਼ਿਆ ਹੈ।"

(ਪੰਜਾਬੀ ਕਹਾਣੀ ਸਰੂਪ ਸਿਧਾਂਤ ਵਿਕਾਸ / 150)

ਇਹ ਇਕ ਆਮ ਭੁਲੇਖਾ ਹੈ ਕਿ ਆਂਚਲਿਕ ਰੰਗਤ ਪੇਂਡੂ ਜੀਵਨ ਨੂੰ ਪੇਸ਼ ਕਰਨ ਨਾਲ ਹੀ ਸਿਰਜੀ ਜਾ ਸਕਦੀ ਹੈ। ਸੰਤ ਸਿੰਘ ਸੇਖੋਂ ਜੋ ਮਾਲਵੇ ਅੰਚਲ ਦਾ ਇਕ ਮੁੱਢਲਾ ਤੇ ਪ੍ਰਮੁੱਖ ਕਹਾਣੀਕਾਰ ਹੈ, ਉਹ ਆਪਣੀਆਂ ਕਹਾਣੀਆਂ ਵਿਚ ਸ਼ਹਿਰੀ ਪਾਤਰਾਂ ਰਾਹੀਂ ਵੀ ਇਸ ਰੰਗ ਨੂੰ ਉਘਾੜਦਾ ਹੈ। 'ਨਗਰ ਹਰਮ', ਵਾਂਗ ਤੇ ਜੇਹੀ ਵਿਚ ਜਿਹੜੇ ਬਹੁਤੇ ਪਾਤਰ ਪੇਂਡੂ ਹਨ, ਉਥੇ ਕਾਮ ਰੋਗ ਆਸ਼ਕੀ ਦਾ ਸ਼ਿਕਾਰ ਨਰਿੰਦਰ ਇਕ ਸ਼ਹਿਰੀ ਵਸਨੀਕ ਹੈ। ਪਿੰਡ ਦੇ ਜੱਟਾਂ ਨਾਲ ਹੋਈ ਬਹਿਸ ਵਿਚ ਨਰਿੰਦਰ ਪੂਰਾ ਪੂਰਾ ਸ਼ਹਿਰੀ ਲੱਗਦਾ ਹੈ:-

- "ਤੁਆਨੂੰ ਸ਼ਹਿਰੀਆਂ ਦੀ ਕੋਈ ਲੋੜ ਨਹੀਂ?" ਨਰਿੰਦਰ ਨੇ ਫਿਰ ਇਕ ਸਿਆਣੇ ਵਕੀਲ ਦੀ ਗੰਭੀਰਤਾ ਨਾਲ ਪੁੱਛਿਆ।"

- "ਅਸੀਂ ਸ਼ਹਿਰੀਏ ਤਾਂ ਤੁਹਾਨੂੰ ਲੁੱਟ ਦਿੰਦੇ ਆਂ। ਨਰਿੰਦਰ ਨੇ ਹੱਸ ਕੇ ਕਿਹਾ, ਉਹ ਹੀ ਇਸ ਬਹਿਸ ਤੇ ਛਾਏ ਅਫ਼ਸਾਨਾ ਹੀ ਪਹੁੰਚ ਗਿਆ ਸੀ।"

ਪਾਤਰਾਂ ਦੇ ਸੁਭਾਅ, ਵਾਤਾਵਰਣ ਦਾ ਯਥਾਰਥ, ਕਹਾਣੀ ਦੀ ਗੋਂਦ ਅਤੇ ਵਿਸ਼ੇ ਦੀ ਉਸਾਰੀ ਬੜੇ ਕਲਾਤਮਕ ਢੰਗ ਨਾਲ ਪੇਸ਼ ਹੋ ਜਾਂਦੇ ਹਨ। ਪੰਜਾਬੀ ਕਹਾਣੀ ਵਿਚ ਉਪ-ਬੋਲੀਆਂ ਵਰਤਣ ਵਾਲੇ ਕਹਾਣੀਕਾਰਾਂ ਦੀ ਤੁਲਨਾ ਕਰਦਿਆਂ, <u>ਡਾ. ਪ੍ਰੇਮ ਪ੍ਰਕਾਸ਼ ਲਿਖਦਾ ਹੈ,</u>

> "ਸਾਰਿਆਂ ਵਿਚੋਂ ਸੇਖੋਂ ਨੂੰ ਉਪ ਬੋਲੀਆਂ ਦੇ ਵਰਤਣ ਦੀ ਸ਼ਬਦ ਦੀ ਜੋਗਤਾ ਹਾਸਿਲ ਹੈ। ਪੰਜਾਬੀ ਜਿੰਨੀ ਕਹਾਣੀ ਵਿਚ ਕੇਂਦਰੀ ਬੋਲੀ ਦੇ ਨਾਲ ਨਾਲ ਉਪ-ਬੋਲੀਆਂ ਦੇ ਵਰਤਣ ਦੀ ਰੀਤ ਦਾ ਮੋਢੀ ਸੇਖੋਂ ਨੂੰ ਆਖਿਆ ਜਾਵੇ ਤਾਂ ਬਹੁਤੀ ਸੱਚਾਈ ਹੈ।"
> (ਸਾਹਿਤ ਸਮਾਚਾਰ: ਕਹਾਣੀ ਅੰਕ / ੨੦)

ਪੰਜਾਬੀ ਦਾ ਸਭ ਤੋਂ ਪਹਿਲਾ ਆਂਚਲਿਕ ਕਹਾਣੀਕਾਰ ਸੰਤ ਸਿੰਘ ਸੇਖੋਂ ਹੈ, ਜਿਸਨੇ ਪੰਜਾਬੀ ਵਿਚ ਨਵੀਂ ਲਿਖੀ ਕਹਾਣੀ ਦੀ ਸਭ ਤੋਂ ਪਹਿਲਾਂ ਨੀਂਹ ਰੱਖੀ। ਮਲਵਈ ਕਹਾਣੀਕਾਰ ਸੇਖੋਂ ਹੈ। ਪੋਠੋਹਾਰੀ ਦੇ ਮੁਢਲੇ ਕਹਾਣੀਕਾਰ 'ਕਰਤਾਰ ਸਿੰਘ ਦੁੱਗਲ'

ਅਤੇ ਮੋਹਨ ਸਿੰਘ ਹਨ। ਆਂਚਲਿਕ ਕਹਾਣੀ ਨਾਲ ਪੰਜਾਬੀ ਕਹਾਣੀ ਨੂੰ ਵਿਕੇਂਦਰੀਕਰਨ ਦਾ ਰੰਗ ਨਸੀਬ ਹੋਇਆ। ਪੰਜਾਬੀ ਵਿਚ ਕਹਾਣੀ ਕੇਂਦਰੀ ਬੋਲੀ ਅਤੇ ਉਪ-ਬੋਲੀਆਂ ਦੋਹਾਂ ਤਰ੍ਹਾਂ ਦੀਆਂ ਲਿਖੀਆਂ ਜਾਣ ਲੱਗ ਪਈਆਂ,

ਸੋ ਇਹਨਾਂ ਦੀਆਂ ਆਂਚਲਿਕ ਕਹਾਣੀਆਂ ਨੇ ਪੰਜਾਬੀ ਨੂੰ ਆਪਣੀਆਂ ਉਪ-ਬੋਲੀਆਂ ਦੀ ਸਾਹਿਤਕਤਾ ਅਤੇ ਸੰਭਾਲ ਪ੍ਰਤੀ ਚੇਤੰਨ ਕੀਤਾ। ਉਹਨਾਂ ਮਹਿਸੂਸ ਕੀਤਾ ਕਿ ਉਪ-ਬੋਲੀ ਗਵਾਰੂ ਅਤੇ ਕੇਵਲ ਬੋਲਚਾਲ ਦੀ ਹੀ ਨਹੀਂ, ਸਗੋਂ ਸਾਹਿਤ ਲਈ ਵਰਤੇ ਜਾਣ ਦੇ ਵੀ ਜੋਗ ਹੈ। ਇਨ੍ਹਾਂ ਵੱਖੋ-ਵੱਖਰੇ ਅਖਾਣਾਂ ਦੇ ਸ਼ਬਦਾਂ ਨੇ ਕੇਂਦਰੀ ਪੰਜਾਬੀ ਬੋਲੀ ਦੇ ਸ਼ਬਦ ਭੰਡਾਰ ਵਿਚ ਵੀ ਵਡਮੁੱਲਾ ਵਾਧਾ ਕੀਤਾ ਹੈ।

5. **ਮਨੋਵਿਗਿਆਨਿਕ ਪ੍ਰਵਿਰਤੀ:** ਜੀਵਨ ਵਿਚ ਵਿਗਿਆਨਿਕ ਅਧਿਐਨ ਦੇ ਵਧਣ ਨਾਲ ਮਨੋਵਿਗਿਆਨ (ਮਨ ਦਾ ਵਿਗਿਆਨ) ਨੂੰ ਵੀ ਬਹੁਤ ਪ੍ਰਮੁੱਖਤਾ ਮਿਲੀ ਹੈ।

**ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ,**

> "ਮਨੋਵਿਗਿਆਨਿਕ ਖੇਤਰ ਵਿਚ ਹੋਈਆਂ ਖੋਜਾਂ ਦੇ ਪ੍ਰਭਾਵ ਹੇਠ ਮਨੁੱਖੀ ਮਨ ਦੀਆਂ ਧੁਰ ਡੂੰਘਾਈਆਂ ਨੂੰ ਯਥਾਰਥਕ ਤਰੀਕੇ ਨਾਲ ਪ੍ਰਗਟਾਉਣ ਦਾ ਕੰਮ ਮਨੋਵਿਗਿਆਨਕ ਯਥਾਰਥਵਾਦ ਨਾਲ ਕੀਤਾ ਜਾਂਦਾ ਹੈ।
>
> (ਪੰਜਾਬੀ ਸਾਹਿਤ ਦਾ ਇਤਿਹਾਸ / )

⇒ **ਮਹਿੰਦਰ ਸਿੰਘ ਸਰਨਾ:** ਸੁਗਾਤ ਭਰੀ ਸਵੇਰ, ਪੱਥਰ ਤੇ ਆਦਮੀ, ਵੰਝਲੀ ਤੇ ਵਿਲਕਣੀ, ਸੁਪਨਿਆਂ ਦੀ ਸੀਮਾ, ਕਲਿੰਗਾ ਆਦਿ ਇਸ ਲੇਖਕ ਦੀਆਂ ਰਚਨਾਵਾਂ ਹਨ। ਪਿੰਡ ਦਾ ਕਿਰਸਾਨੀ ਵਾਤਾਵਰਣ ਚਿਤਰਣ ਵਿਚ ਉਸ ਦੀ ਕਲਾ ਬੜੀ ਨਿਪੁੰਨ ਹੈ ਅਤੇ ਦੇਸ਼ ਵੰਡ ਸੰਬੰਧੀ ਲਿਖੀਆਂ-ਕਹਾਣੀਆਂ ਵਿਚ ਕਰੁਣਾ-ਰਸ ਡੂੰਘਾ ਤੇ ਪਾਠਕ ਦੇ ਮਨ ਤੇ ਅਮਿਟ ਪ੍ਰਭਾਵ ਪਾਉਣ ਵਾਲਾ ਹੈ। ਸੁੰਦਰ ਘਾਟੀ ਦੀ ਸਵੇਰ, ਸੂਗ ਸਾਹੂ, ਸੂਗ ਗੁਲਾਬ, ਕਾਲਾ ਬੱਦਲ ਕਾਲੀ ਧੁੱਪ ਉਸਦੇ ਨਵੇਂ ਕਹਾਣੀ ਸੰਗ੍ਰਹਿ ਹਨ।

ਆਪਣੇ ਪਿਛਲੇ ਸੰਗ੍ਰਹਿਆਂ ਵਿਚ ਉਹ ਮਨੋਵਿਗਿਆਨਿਕ ਪ੍ਰਯੋਗਾਂ ਵਲ ਪਰਤਿਆ ਹੈ, ਜੋ ਬਹੁਤ ਸਫ਼ਲ ਹਨ, ਪਰ ਉਸਦੇ ਮਨੋਵਿਗਿਆਨਿਕ ਅਧਿਐਨ ਦੁਆਰਾ

ਜਿਸਦੇ ਕਈ ਪਾਤਰ ਪਾਠਕਾਂ ਦੀ ਹਮਦਰਦੀ ਨਹੀਂ ਜਿੱਤਦੇ ਸਗੋਂ ਹਾਸੋ ਹੀਣੇ ਹੋ ਨਿਬੜਦੇ ਹਨ। ਪੰਜਾਬੀ ਕਹਾਣੀਕਾਰਾਂ ਵਿਚ ਮਹਿੰਦਰ ਸਿੰਘ ਸਰਨਾ ਦਾ ਸਥਾਨ ਨਿਵੇਕਲਾ ਤੇ ਆਦਰਜੋਗ ਤੇ ਸਦਾ ਲਈ ਸੁਰੱਖਿਅਤ ਹੈ।

⇒ **ਜਸਟਿਸ ਮਹਿੰਦਰ ਸਿੰਘ ਜੋਸ਼ੀ:** ਉਸਨੇ ਦਸ ਤੋਂ ਵਧੀਕ ਕਹਾਣੀ ਸੰਗ੍ਰਹਿ ਰਚੇ ਹਨ। ਇਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ 'ਦਿਲ ਤੋਂ ਦੂਰ', ਸਤੂ ਸੱਤੂ ਆਪਣੀ, ਦਰੋਪਤੀ ਦਾ ਦੇਸ਼ ਅਤੇ ਸੋਨੇ ਪੱਤ ਸੋਨੇ ਫੁੱਲ ਆਦਿ ਹਨ। ਇਕ ਚੋਣਵਾਂ ਕਹਾਣੀ ਸੰਗ੍ਰਹਿ 'ਮੇਰੀਆਂ ਸ਼੍ਰੇਸ਼ਟ ਕਹਾਣੀਆਂ ਵੀ ਪ੍ਰਕਾਸ਼ਿਤ ਹੋਇਆ ਹੈ।

ਦੇਸ਼ ਵੰਡ ਸਮੇਂ ਦਾ ਕਰੁਣਾਮਈ ਚਿੱਤਰ ਪੇਸ਼ ਕਰਨ ਵਾਲੀ ਉਸਦੀ ਵਧੀਆ ਕਹਾਣੀ 'ਮੋਤੀ' ਹੈ। ਇਸ ਕਹਾਣੀਕਾਰ ਦੀ ਸਭ ਤੋਂ ਵੱਡੀ ਖੂਬੀ ਭਾਸ਼ਾ ਦੀ ਸੁੰਦਰ ਚੋਣ, ਸ਼ਬਦਾਵਲੀ ਦੇ ਸੰਜਮ ਤੇ ਸੁਹਜ ਵਿਚ ਹੁੰਦੀ ਹੈ। ਉਹ ਗਿਣੇ ਮਿਥੇ ਸੰਵਾਦ ਹੀ ਆਪਣੇ ਪਾਤਰਾਂ ਪਾਸੋਂ ਕਰਵਾਉਂਦਾ ਹੈ ਅਤੇ ਸੁੰਦਰ ਸ਼ਬਦ ਚਿਤਰਾਂ ਦੁਆਰਾ ਉਨ੍ਹਾਂ ਦਾ ਮਨੋਵਿਸ਼ਲੇਸ਼ਣ ਕਰਕੇ ਆਪਣੇ ਪਾਤਰਾਂ ਨੂੰ ਅਮੁੱਲ ਬਣਾ ਦਿੰਦਾ ਹੈ। ਸੂਖਮ ਮਾਨਵਵਾਦੀ ਭਾਵਨਾ ਤੇ ਆਪਣੇ ਪਾਤਰਾਂ ਨਾਲ ਡੂੰਘੀ ਹਮਦਰਦੀ ਵਿਚ ਭਿੱਜੀਆਂ ਹੋਈਆਂ ਉਸ ਦੀਆਂ ਕਹਾਣੀਆਂ ਪਾਠਕ ਦੇ ਮਨ ਤੇ ਡੂੰਘਾ ਤੇ ਵਿਆਪਕ ਪ੍ਰਭਾਵ ਛੱਡ ਜਾਂਦੀਆਂ ਹਨ।

⇒ **ਗੁਲਜ਼ਾਰ ਸਿੰਘ ਸੰਧੂ:** ਇਸ ਦੀਆਂ 80-90 ਦੇ ਕਰੀਬ ਕਹਾਣੀਆਂ ਹਨ ਅਤੇ ਉਸਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹੁਸਨ ਦੇ ਹਾਣੀ, ਇਕ ਸਾਂਝ ਪੁਰਾਣੀ, ਸੋਨੇ ਦੀ ਇੱਟ ਤੇ ਅਮਰ ਕਥਾ ਹਨ। ਗੁਲਜ਼ਾਰ ਸਿੰਘ ਸੰਧੂ ਦੀਆਂ ਕਹਾਣੀਆਂ ਪੰਜਾਬੀ ਕਹਾਣੀ ਦੇ ਵਿਕਾਸ ਦੇ ਇਤਿਹਾਸ ਵਿਚ ਵੱਡੀ ਮਹੱਤਤਾ ਦੀਆਂ ਧਾਰਨੀ ਹਨ। ਜਿਨ੍ਹਾਂ ਕਾਰਨ ਪੰਜਾਬੀ ਕਹਾਣੀਕਾਰਾਂ ਵਿਚ ਉਸਦਾ ਸਥਾਨ ਇਸ ਕਰਕੇ ਵੱਡਾ ਨਹੀਂ ਕਿ ਉਹ ਭਾਰਤੀ ਸਾਹਿਤ ਅਕਾਦਮੀ ਦੇ ਰਾਸ਼ਟਰੀ ਪੁਰਸਕਾਰ ਦਾ ਵਿਜੇਤਾ ਹੈ, ਸਗੋਂ ਇਸ ਕਰਕੇ ਹੈ ਕਿ ਉਹ ਸੱਚਮੁੱਚ ਹੀ ਪੰਜਾਬੀ ਕਹਾਣੀ ਨੂੰ ਆਪਣੀ ਵਿਅਕਤੀਗਤ ਸ਼ੈਲੀ ਦੇ ਰੂਪ ਵਿਚ ਢਾਲ ਸਕਿਆ ਹੈ।

⇒ **ਰਾਮ ਸਰੂਪ ਅਣਖੀ:** ਰਾਮ ਸਰੂਪ ਅਣਖੀ ਪੰਜਾਬੀ ਸਾਹਿਤ ਵਿਚ ਪ੍ਰਸਿੱਧੀ ਕਹਾਣੀਕਾਰ ਦੇ ਤੌਰ ਤੇ ਹੋਈ ਸੀ, ਪਰ 1987 ਵਿਚ ਉਸ ਦੇ ਨਾਵਲ 'ਕੋਠੇ ਖੜਕ ਸਿੰਘ' ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਸੁੱਤਾ ਨਾਗ, ਮਨੁੱਖ ਦੀ ਮੌਤ, ਕੰਧ ਵਿਚ ਉਗਿਆ ਦਰੱਖਤ ਰਤ ਦਾ ਕੁੰਗੂ ਹਨ। ਪੰਜਾਬ ਦੇ ਵਰਤਮਾਨ ਦੁਖਾਂਤ ਬਾਰੇ ਲਿਖੇ

ਜਦੋਂ ਅਤਿਵਾਦ ਪੂਰੇ ਜ਼ੋਰਾਂ ਤੇ ਸੀ, ਆਪਣੇ 'ਰਤ ਦੇ ਤੁੰਗੂ' ਕਹਾਣੀ ਸੰਗ੍ਰਹਿ ਅਤੇ 'ਆਪਣੀ ਧਰਤੀ' ਵਿਚ ਇਕ ਆਮ ਹਿੰਦੂ ਪਰਿਵਾਰ ਦਾ ਬਿਰਤਾਂਤ ਪੇਸ਼ ਕਰਦਾ ਹੈ ਜੋ ਸਿੱਖ ਅਤਿਵਾਦੀਆਂ ਦੇ ਡਰ ਤੋਂ ਹਰਿਆਣਾ ਪ੍ਰਦੇਸ਼ ਵਿਚ ਹਿਜਰਤ ਕਰ ਲੈਂਦਾ ਹੈ। ਪੰਜਾਬੀ ਵਿਚ ਉਹ ਵੀ ਇਕ ਹਰਮਨ ਪਿਆਰਾ ਕਹਾਣੀਕਾਰ ਹੈ।

**ਪ੍ਰੇਮ ਪ੍ਰਕਾਸ਼ (1937):** ਪ੍ਰੇਮ ਪ੍ਰਕਾਸ਼ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵੀ ਵਰਤਮਾਨ ਸਦੀ ਦੇ ਸਤਵੇਂ ਅਠਵੇਂ ਦਹਾਕੇ ਦੀ ਇਸ ਪ੍ਰਕਾਰ ਲਹਿਰ ਦੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ 'ਕਚਕੜੇ', ਨਮਾਜ਼ੀ, ਮੁਕਤੀ, ਸ਼ਵੇਤਾਂਬਰ ਨੇ ਕਿਹਾ ਸੀ ਅਤੇ ਰੰਗ ਮਹਿਲ ਤੇ ਭਿਕਸ਼ੂ ਆਦਿ ਹਨ। ਪੰਜਾਬੀ ਦੇ ਕਹਾਣੀ ਜਗਤ ਵਿਚ ਉਸਨੂੰ ਇਕ ਵਿਲੱਖਣ ਪ੍ਰਤਿਭਾ ਵਾਲੇ ਕਹਾਣੀਕਾਰ ਵਜੋਂ ਜਾਣਿਆ ਜਾਂਦਾ ਹੈ। ਕਈ ਵਾਰ ਤਾਂ ਉਸ ਦੀਆਂ ਕਹਾਣੀਆਂ ਆਪਣੇ ਵਿਚ ਤਿੱਖਾ ਤੇ ਚੁਭਵਾਂ ਵਿਅੰਗ ਲਈ ਬੈਠੀਆਂ ਹੁੰਦੀਆਂ ਹਨ ਅਤੇ ਸਾਧਾਰਨ ਪਾਠਕ ਨੂੰ ਇਨ੍ਹਾਂ ਦੇ ਪਾਤਰਾਂ ਵਿਚਲੀਆਂ ਮਨੋ ਗੁੰਝਲਾਂ ਦੀਆਂ ਉਲਝਣਾਂ ਨੂੰ ਸਮਝਣਾ ਕਠਿਨ ਪ੍ਰਤੀਤ ਹੁੰਦਾ ਹੈ।

ਅਜਿਹੇ ਅਸਤਿਤਵਵਾਦੀ ਅਤਿ ਯਥਾਰਥਵਾਦ ਚ ਪ੍ਰੇਮ ਪ੍ਰਕਾਸ਼ ਸਫ਼ਲ ਚਿਤੇਰਾ ਹੈ। ਅਤੇ ਇਸ ਕਰਕੇ ਉਸਨੂੰ ਪੰਜਾਬੀ ਵਿਚ ਇਕ ਨਵੀਨ ਪ੍ਰਤਿਭਾ ਵਾਲੇ ਕਹਾਣੀਕਾਰ ਕਰਕੇ ਵੀ ਜਾਣਿਆ ਜਾਂਦਾ ਹੈ।

**ਵਰਿਆਮ ਸੰਧੂ:** ਵਰਿਆਮ ਸੰਧੂ ਪੰਜਾਬੀ ਦੇ ਪ੍ਰਬੀਨ ਕਹਾਣੀਕਾਰਾਂ ਵਿਚੋਂ ਚੋਮਣੀ ਮੰਨਿਆ ਜਾਂਦਾ ਹੈ। ਮਾਝੇ ਦਾ ਜੰਮ-ਪਲ ਹੋਣ ਕਾਰਨ ਉਸਦੀਆਂ ਕਹਾਣੀਆਂ ਕੇਂਦਰੀ ਪੰਜਾਬ ਦੇ ਕਿਰਸਾਣੀ ਸਮਾਜ ਦਾ ਚਿਤਰ ਪੇਸ਼ ਕਰਦੀਆਂ ਹਨ। ਪੁਰਾਣੇ ਜਾਗੀਰਦਾਰੀ ਪੇਂਡੂ ਸਮਾਜ ਵਿਚ ਰਿਸ਼ਤਿਆਂ ਦੀ ਟੁੱਟ ਭੱਜ, ਛੋਟੀ ਕਿਰਸਾਣੀ ਅਤੇ ਨਿਮਨ ਵਰਗ ਦੇ ਲੋਕਾਂ ਵਿਚ ਵਧ ਰਹੀ ਆਰਥਕ ਪਿਛੜੇਪਣ ਦੇ ਫਲਸਰੂਪ ਸਮਾਜਕ ਰਿਸ਼ਤਿਆਂ ਵਿਚ ਉਤਪੰਨ ਹੋਣ ਵਾਲੀਆਂ ਤ੍ਰੇੜਾਂ ਨੂੰ ਉਹ ਆਪਣੀਆਂ ਕਹਾਣੀਆਂ ਵਿਚ ਸਫਲ ਭਾਂਤ ਚਿਤਰਦਾ ਹੈ। ਸਮਾਜ ਵਿਚ ਆ ਰਹੇ ਨਵੇਂ ਪਰਿਵਰਤਨਾਂ ਦਾ ਬਿਆਨ ਕਰਦਾ ਹੈ ਅਤੇ ਮਾਝੇ ਦੀ ਟਕਸਾਲੀ ਬੋਲੀ ਵਰਤ ਕੇ ਪੰਜਾਬੀ ਗਲਪ ਸਾਹਿਤ ਵਿਚ ਪਰੰਪਰਾ ਨੂੰ ਅੱਗੇ ਤੋਰਦਾ ਹੈ।

**ਗੁਰਦਿਆਲ ਸਿੰਘ:** ਉਸਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਬਦਨਪੁਰ, ਸੱਗੀ ਫੁੱਲ, ਚੰਨ ਦਾ ਬੂਟਾ, ਕੁੱਤਾ ਤੇ ਆਦਮੀ ਤੇ ਪੱਕਾ ਟਿਕਾਣਾ ਆਦਿ ਹਨ। ਗੁਰਦਿਆਲ ਸਿੰਘ ਆਪਣੀਆਂ ਕਹਾਣੀਆਂ ਵਿਚ ਮਾਲਵੇ ਦਾ ਸਭਿਆਚਾਰਕ ਪਿਛੋਕੜ ਬੜੀ ਬਾਰੀਕੀ ਤੇ ਵਿਸਥਾਰ ਨਾਲ ਚਿਤਰਦਾ ਹੈ। ਅਤੇ ਗਰੀਬ ਤੇ ਦਲਿਤ

ਨਿਮਨ ਵਰਗ ਦੇ ਕਿਰਤੀ ਕਿਰਸਾਣ, ਗ੍ਰਿਸਤਧਾਰਾਂ ਤੇ ਛੋਟੇ ਨਟਵਾਈਆਂ ਦਾ ਕਹਾਣੀਕਾਰ ਹੈ।

**ਗੁਰਬਚਨ ਸਿੰਘ ਭੁੱਲਰ:** ਗੁਰਬਚਨ ਸਿੰਘ ਭੁੱਲਰ ਇਕ ਹਰਮਨ ਪਿਆਰਾ ਕਹਾਣੀਕਾਰ ਹੈ। ਓਪਰਾ ਮਰਦ, ਮੈਂ ਗ਼ਜ਼ਨਵੀ ਨਹੀਂ; ਦਸਤਾਂ ਸਾਰੇ ਅਤੇ ਦੀਵੇ ਵਾਂਗ ਬਲਦੀ ਅੱਖ ਆਦਿ ਹਨ। ਗੁਰਬਚਨ ਸਿੰਘ ਭੁੱਲਰ ਸ਼ਹਿਰੀ ਅਤੇ ਪੇਂਡੂ ਸਮਾਜ ਵਿਚੋਂ ਕਹਾਣੀਆਂ ਦੇ ਵਿਸ਼ਿਆਂ ਦੀ ਚੋਣ ਕਰਦਾ ਹੈ। ਇਸ ਦੀਆਂ ਕਹਾਣੀਆਂ ਦੀਆਂ ਘਟਨਾਵਾਂ ਤੇ ਪਾਤਰ ਪਾਠਕਾਂ ਲਈ ਆਕਰਸ਼ਣ ਦਾ ਕਾਰਨ ਬਣਦੀਆਂ ਹਨ, ਕਿਉਂ ਜੋ ਇਨ੍ਹਾਂ ਵਿਚ ਜੀਵਨ ਦੀ ਕੋਈ ਮੁੱਖ ਸਮੱਸਿਆ ਛੁਪੀ ਹੋਈ ਹੁੰਦੀ ਹੈ। ਜਾਗੀਰਦਾਰੀ ਸਮਾਜ ਦੇ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਪਿੰਡਾਂ ਵਿਚ ਉਭਰ ਰਹੇ ਨਵੇਂ ਰਾਜਨੀਤਕ ਤੇ ਸਮਾਜਕ ਵਾਤਾਵਰਨ ਨੇ ਕਈ ਨਵੇਂ ਵਿਸ਼ਿਆਂ ਨੂੰ ਜਨਮ ਦਿੱਤਾ ਹੈ ਅਤੇ ਸਮਾਜਕ ਤੇ ਰਾਜਨੀਤਕ ਭ੍ਰਿਸ਼ਟਾਚਾਰ, ਆਰਥਕ ਮਜਬੂਰੀਆਂ ਅਤੇ ਖੇਤੀ ਬਾੜੀ ਦੇ ਮਸ਼ੀਨੀਕਰਨ ਦੁਆਰਾ ਪੇਂਡੂ ਸਮਾਜ ਵਿਚ ਵੀ ਨਵੀਂ ਉਥਲ ਪੁਥਲ ਹੋਈ ਹੈ। ਭੁੱਲਰ ਵੀ ਨਵੇਂ ਕਹਾਣੀਕਾਰਾਂ ਵਾਂਗ ਇਨ੍ਹਾਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਕਲਾਮਈ ਢੰਗ ਨਾਲ ਲਿਆਉਂਦਾ ਹੈ।

**ਗੁਰਮੇਲ ਮਡਾਹੜ:** ਮਡਾਹੜ ਨੇ ਪੰਜਾਬੀ ਕਹਾਣੀ ਨੂੰ ਦਸ ਕਹਾਣੀ ਸੰਗ੍ਰਹਿ ਦਿੱਤੇ ਹਨ। ਜਿਨ੍ਹਾਂ ਵਿਚੋਂ ਵਰਣਨਯੋਗ, ਅਣਚਾਹਿਆ ਆਦਮੀ, ਵੱਡੇ ਵੇਲਿਆਂ ਦੇ ਵਾਸੀ, ਜਾਗਦੇ ਲੋਕ, ਸੰਗ ਸ਼ਾਰੀ ਹੈ, ਅਸੀਂ ਰਾਹ ਨਹੀਂ, ਮਸ਼ਰੀ ਹਣ, ਸਹਾਂਪਲੀ ਆਦਿ ਹਨ। ਇਸ ਕਹਾਣੀਕਾਰ ਦੀ ਨਿਵੇਕਲੀ ਵਿਸ਼ੇਸ਼ਤਾ ਵਿਸ਼ਾ ਵਸਤੂ ਵਿਚ ਰਾਜਨੀਤਕ ਵਿਸ਼ਿਆਂ ਦੀ ਚੋਣ ਕੀਤੀ।

**ਗੁਰਦਿਆਲ ਸਿੰਘ ਫੁੱਲ:** ਫੁੱਲ ਪੰਜਾਬੀ ਦਾ ਸਰਬਾਂਗੀ ਲੇਖਕ ਹੈ, ਭਾਵੇਂ ਨਾਟਕ ਕਲਾ ਵਿਚ ਇਸਦੀ ਦੇਣ ਵਿਸ਼ੇਸ਼ ਹੈ, ਪਰ ਕਹਾਣੀ ਕਲਾ ਨੂੰ ਵੀ ਉਹ ਪਿਛੇ ਨਹੀਂ ਰਿਹਾ। ਚੀਰਾਂ, ਭਾਗ ਦੀ ਰੇਖਾ, ਸੱਚ ਆਈਆਂ ਜਿੱਨ ਸ਼ਈਆਂ, ਆਦਿ ਇਸਦੇ ਵਰਣਨਯੋਗ ਕਹਾਣੀ ਸੰਗ੍ਰਹਿ ਹਨ। ਫੁੱਲ ਜੀਵਨ ਨੂੰ ਡੂੰਘੀ ਨੀਝ ਨਾਲ ਤੱਕਦਾ ਹੈ ਅਤੇ ਸੁੰਦਰ ਨੀਝ ਨਾਲ ਚਿਤਰਦਾ ਹੈ। ਇਸ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ, ਪਾਤਰ ਤੇ ਸਮੱਸਿਆਵਾਂ ਇਸ ਦੀ ਸਹੇਂਦੀਤੀ ਜਾਂ ਇਸਦੇ ਸੰਪਰਕ ਵਿਚ ਆਈ ਜਾਣਕਾਰੀ ਦੇ ਪੰਡ ਹੁੰਦੇ ਹਨ। ਆਮ ਤੌਰ ਤੇ ਇਹ ਸਮਾਜਕ ਸੁਧਾਰ ਤੇ ਕਠੋਰ ਅਨਿਆਏ ਨਾਲ ਸੰਬੰਧਿਤ ਹੁੰਦੇ ਹਨ, ਜਿਨ੍ਹਾਂ ਦੇ ਭਾਵ ਅਹਿੰਸਾ ਤੇ ਵਿਸ਼ਵਾਸ ਹੋਣ ਲਈ ਲੋੜਕ ਕਲਾ ਦਾ ਮਾਧਿਅਮ ਕਲਾ ਵਿਚ ਲਿਆਉਂਦਾ ਹੈ।